# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | e-Magazine



ਡਾ. ਗੁਰਨਾਮ ਸਿੰਘ ਸਨਮਾਨ ਪ੍ਰਾਪਤ ਕਰਦੇ ਹੋਏ

ਸੰਪਾਦਕ
ਡਾ. ਜਾਗੀਰ ਸਿੰਘ

ਅਗਸਤ ੨੦੨੬



## ਤ

ਤਖ਼ਤ ਹਜ਼ਾਰਾ, ਛੱਡ ਕੇ ਰਾਂਝਾ,
ਬਣਿਆ ਫਿਰੇ ਸ਼ੁਦਾਈ ਹੂ।
ਜੰਗਲ ਬੇਲੇ, ਪਰਬਤ ਫਿਰਦਾ,
ਹੀਰ ਨਾ ਮਿਲੀ ਕਿਦਾਈਂ ਹੂ।
ਇਸ਼ਕ ਹਕੀਕੀ ਜਿਸ ਨੂੰ ਲੱਗਾ,
ਰੱਬ ਨੇ ਲਾਜ ਰਖਾਈ ਹੂ।
ਸੰਤੋਖ ਪੂਰੀਆਂ ਹੋਈਆਂ ਮੁਰਾਦਾਂ,
ਦੇਖੇ ਸੱਭ ਲੁਕਾਈ ਹੂ।

ਪੁਸਤਕ – ਗੁੱਝੀਆਂ ਰਮਜ਼ਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ


**AMRIT KIRTAN TRUST**

**SCAN & PAY**

**UPI ID: drjagirsingh@sbi**


**ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ**
**ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 98556 40630
e-mail: drjagirsingh@gmail.com
Website : http://www.amritkirtan.com



* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


# ਇਸ ਅੰਕ ਵਿਚ


**ਕਰਉ ਬੇਨੰਤੀਆ**
**ਮੇਰੀ ਡਾਇਰੀ-1994** 2

**ਸਭ ਥਾਈਂ ਹੋਇ ਸਹਾਇ** 4
ਡਾ. ਜਸਵੰਤ ਸਿੰਘ ਨੇਕੀ

**ਡਾ. ਗੁਰਨਾਮ ਸਿੰਘ ਸਨਮਾਨਿਤ** 6
ਰਜਿੰਦਰ ਸਿੰਘ ਟਾਂਡਾ

**ਗੁਰਮਤਿ ਸੰਗੀਤ ਦਾ ਸਮਕਾਲੀ ਵਿਸ਼ਵ ਪ੍ਰਚਾਰ** 7
ਜਸਵਿੰਦਰ ਸਿੰਘ

**ਗੁਰਮਤਿ ਸੰਗੀਤ ਵਿਚ ਰਾਗ ਦੇਵਗੰਧਾਰੀ ਤੇ ਦੇਵਗੰਧਾਰ** 10
ਡਾ. ਗੁਰਨਾਮ ਸਿੰਘ

**ਮਹਾਨ ਤਬਲਾ ਮਾਸਟਰ ਭਾਈ ਸਾਧੂ ਸਿੰਘ ਜੀ (ਪੰਜਾਬ ਘਰਾਣਾ)** 12
ਇਕਵਾਕ ਸਿੰਘ ਪੱਟੀ

**Bhai Balkar Singh Multani** 14
Dr. Amardev Singh

**ਰਾਗ ਸੂਰ-ਮਲਾਰ** 16
ਪ੍ਰਿੰ. ਗਿਆਨੀ ਦਿਆਲ ਸਿੰਘ

**ਰਾਗ ਸਾਰੰਗ** 19
ਬੀਬੀ ਹਰਦੀਪ ਕੌਰ


**ਮੈਗਜੀਨ ਦਾ ਸਾਲਾਨਾ ਚੰਦਾ 600/-ਰੁਪਏ**
**ਮੈਗਜੀਨ ਦਾ ਚੰਦਾ ਆਪ ਜੀ ਆਨਲਾਈਨ ਹੇਠ ਲਿਖੇ ਅਨੁਸਾਰ ਭੇਜ ਸਕਦੇ ਹੋ:**

**DONATIONS TO AMRIT KIRTAN TRUST**

Cheques/Drafts should be sent in the name of AMRIT KIRTAN TRUST payable at Mohali. Donations can also be sent by money order at the address AMRIT KIRTAN TRUST (Regd.) 422, Sector 15-A,Chandigarh-160015. The Donations can be made by Electronic Transfer.

Bank details :

**AMRIT KIRTAN TRUST**

Saving Bank A/c No. 65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address and also the deposit details to enable us to send you the receipt.

# ਕਰਉ ਬੇਨੰਤੀਆ

## ਮੇਰੀ ਡਾਇਰੀ – 1994

ਅਜਕਲ੍ਹ ਕੁਝ ਪੁਰਾਣੇ ਕਾਗਜ਼ ਪੱਤਰਾਂ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਪਰ ਜਦੋਂ ਕੁਝ ਡਾਇਰੀ ਨੁਮਾ ਲਿਖਤਾਂ ਹੱਥ ਲਗਦੀਆਂ ਹਨ ਤਾਂ ਅਤੀਤ ਵਿੱਚ ਗੁਆਚ ਜਾਂਦਾ ਹਾਂ। ਇਹਨਾਂ ਯਾਦਾਂ ਵਿੱਚ ਕੁਝ ਮਾਣ ਮੱਤੀਆਂ ਘਟਨਾਵਾਂ ਜਿਥੇ ਮਨ ਨੂੰ ਹੁਲਾਰਾ ਦਿੰਦੀਆਂ ਹਨ ਉੱਥੇ ਉਹਨਾਂ ਸੱਜਣਾਂ ਮਿੱਤਰਾਂ ਨੂੰ ਯਾਦ ਕਰਦਿਆਂ ਸ਼ੁਕਰਾਨਾ ਕਰਨ ਨੂੰ ਵੀ ਜੀਅ ਕਰਦਾ ਹੈ। ਮੇਰੇ ਸਾਹਮਣੇ 1994 ਦੀ ਡਾਇਰੀ ਪਈ ਹੈ। ਇਸ ਦੇ ਵਰਕੇ ਫਰੋਲਦਿਆਂ ਆਪਣੇ ਆਪ ਤੇ ਮਾਣ ਵੀ ਮਹਿਸੂਸ ਹੋਇਆ ਅਤੇ ਆਪਣੇ ਪਿਆਰੇ ਸੱਜਣਾਂ ਨੂੰ ਯਾਦ ਕਰਦਿਆਂ ਮਨ ਹੀ ਮਨ ਉਹਨਾਂ ਦਾ ਧੰਨਵਾਦ ਵੀ ਕਰ ਰਿਹਾ ਹਾਂ।

ਇਹ ਡਾਇਰੀ ਬੰਬਈ ਹੁਣ ਮੁੰਬਈ ਵਿੱਚ ਰਹਿੰਦੇ ਮੇਰੇ ਆਦਰ ਯੋਗ ਮਿੱਤਰ ਪ੍ਰਿਤਪਾਲ ਸਿੰਘ ਸਚਦੇਵਾ ਜੀ ਨੇ ਦਿੱਤੀ ਸੀ। ਇਹ ਉਹਨਾਂ ਦੀ ਕੰਪਨੀ ਡੀ. ਕੇ. ਇੰਡਸਟਰੀ ਨਾਲ ਸਬੰਧਤ ਹੈ। ਉਦੋਂ ਉਹਨਾਂ ਦਾ ਦਫਤਰ ਚੰਡੀਗੜ੍ਹ ਮੁਹਾਲੀ ਵਿਖੇ ਵੀ ਸੀ। ਮੈਂ ਅਤੇ ਸ੍ਰ. ਹਰਭਜਨ ਸਿੰਘ ਚੋਪੜਾ 'ਅੰਮ੍ਰਿਤ ਕੀਰਤਨ' ਮੈਗਜ਼ੀਨ ਦੀਆਂ ਕੁਝ ਕਾਪੀਆਂ ਲੈ ਕੇ ਸਚਦੇਵਾ ਜੀ ਨੂੰ ਮਿਲਣ ਗਏ ਸਾਂ। ਉਹਨਾਂ ਨੇ ਬਹੁਤ ਪਿਆਰ ਸਤਿਕਾਰ ਦਿੱਤਾ ਅਤੇ ਮੈਗਜ਼ੀਨ ਦੀ ਸਹਾਇਤਾ ਲਈ ਕੰਪਨੀ ਦਾ ਇਸ਼ਤਿਹਾਰ ਅਤੇ ਮਾਇਆ ਵੀ ਭੇਟ ਕੀਤੀ। ਉਹਨਾਂ ਦੇ ਜੀਜਾ ਜੀ ਨਾਗਪਾਲ ਸਾਹਿਬ ਪੰਜਾਬ ਸਿੰਧ ਬੈਂਕ ਦੇ ਵੱਡੇ ਅਫਸਰ ਸਨ। ਮੈਂ ਉਹਨਾਂ ਦੇ ਘਰ ਕੀਰਤਨ ਕਰਦਾ ਰਿਹਾ ਹਾਂ। ਫਿਰ ਪਿਆਰ ਇਤਨਾ ਪੈ ਗਿਆ ਕਿ ਉਹਨਾਂ ਦੇ ਬੇਟੇ ਦੇ ਆਨੰਦ ਕਾਰਜ ਸਮੇਂ ਉਚੇਚੇ ਤੌਰ ਤੇ ਦਿੱਲੀ ਗ੍ਰੇਟਰ ਕੈਲਾਸ਼ ਗੁਰਦੁਆਰਾ ਸਾਹਿਬ ਕੀਰਤਨ ਗਿਆ ਸਾਂ। ਨਾਗਪਾਲ ਜੀ ਪੰਜਾਬ ਸਿੰਧ ਬੈਂਕ ਦੇ ਜ਼ੋਨਲ ਟ੍ਰੇਨਿੰਗ ਕਾਲਜ ਚੰਡੀਗੜ੍ਹ ਦੇ ਇੰਚਾਰਜ ਵੀ ਸਨ। ਉਹਨਾਂ ਮੈਨੂੰ ਕਈ ਵਾਰ ਜੀਵਨ ਜਾਚ ਬਾਰੇ ਲੈਕਚਰ ਦੇਣ ਲਈ ਕਾਲਜ ਵਿਖੇ ਬੁਲਾਇਆ ਸੀ।

ਪ੍ਰਿਤਪਾਲ ਸਿੰਘ ਸਚਦੇਵਾ ਜੀ ਤਾਂ ਅਜੇ ਤਕ ਵੀ ਸੰਪਰਕ ਵਿੱਚ ਹਨ। ਜਦੋਂ ਮੈਨੂੰ ਸੰਗੀਤ ਨਾਟਕ ਅਕਾਡਮੀ ਅਵਾਰਡ 2003 ਵਿੱਚ ਮਿਲਿਆ ਤਾਂ ਇਹ ਸਮਾਗਮ ਮੁੰਬਈ ਵਿੱਚ ਹੋਇਆ ਸੀ। ਉਸ ਸਮਾਗਮ ਵਿੱਚ ਸਚਦੇਵਾ ਜੀ ਅਤੇ ਹੋਰ ਕਈ ਸੱਜਣ ਪੁਜੇ ਸਨ। ਇਹ ਅਵਾਰਡ ਭਾਰਤ ਦੇ ਰਾਸ਼ਟਰ ਪਤੀ ਅਬਦੁਲ ਕਲਾਮ ਜੀ ਦੇ ਹੱਥੋਂ ਪ੍ਰਾਪਤ ਹੋਇਆ ਸੀ। ਮੁੰਬਈ ਦੇ ਕੀਰਤਨ ਪ੍ਰੇਮੀਆਂ ਨੇ ਬਹੁਤ ਅਸੀਸਾਂ ਦਿੱਤੀਆਂ। ਉਦੋਂ ਅਕਾਦਮੀ ਵੱਲੋਂ ਦੋ ਤਿੰਨ ਦਿਨ ਤਾਂ ਤਾਜ ਹੋਟਲ ਵਿੱਚ ਪਰਿਵਾਰ ਸਮੇਤ ਸਾਨੂੰ ਠਹਿਰਾਇਆ ਗਿਆ ਸੀ, ਪਰ ਅਸੀਂ ਹੋਰ ਦੋ ਤਿੰਨ ਦਿਨ ਮੁੰਬਈ ਠਹਿਰੇ ਸਾਂ ਤੇ ਸਾਡਾ ਪ੍ਰਬੰਧ ਸਚਦੇਵਾ ਜੀ ਨੇ ਗੋਲਫ ਕਲਬ ਦੇ ਗੈਸਟ ਹਾਊਸ ਵਿੱਚ ਕੀਤਾ ਸੀ। – ਸ਼ੁਕਰਾਨਾ – ਸ਼ੁਕਰਾਨਾ –

ਜਦੋਂ ਸਾਰੀ ਡਾਇਰੀ ਵੇਖਦਾ ਹਾਂ ਤਾਂ ਹੈਰਾਨ ਹੁੰਦਾ ਹਾਂ। ਇਸ ਸਾਲ ਲਗਭਗ 135 ਕੀਰਤਨ ਪ੍ਰੋਗਰਾਮ ਕੀਤੇ। ਚੰਡੀਗੜ੍ਹ ਤੋਂ ਇਲਾਵਾ ਲੁਧਿਆਣਾ, ਜਲੰਧਰ, ਬੰਬਈ, ਕਾਨਪੁਰ, ਜੈਪੁਰ, ਗੰਗਾਨਗਰ ਆਦਿ ਵਿਖੇ ਕੀਰਤਨ ਕੀਤਾ।

ਇਸ ਸਾਲ ਦਿੱਲੀ 6-7 ਵਾਰ ਗਏ ਅਤੇ ਕੀਰਤਨ ਕੀਤਾ, 9 ਅਤੇ 10 ਅਪ੍ਰੈਲ ਨੂੰ ਡਿਫੈਂਸ ਕਾਲੋਨੀ, ਨੋਇਡਾ, ਅਤ ਜਨਕ ਪੁਰੀ।

12 ਜੂਨ ਨੂੰ ਬੰਗਲਾ ਸਾਹਿਬ ਅਤੇ ਲੋਦੀ ਕਾਲੋਨੀ ਵਿਖੇ

1-2 ਅਗਸਤ ਨੂੰ ਵਿਜੈਨਗਰ ਅਤੇ ਫਤਹਿ ਨਗਰ

17 ਤੋਂ 20 ਨਵੰਬਰ ਤਕ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਮੇਂ ਗੁਰਦੁਆਰਾ ਸੀਸ ਗੰਜ ਸਾਹਿਬ, ਰਕਾਬ ਗੰਜ ਸਾਹਿਬ, ਨਾਨਕ ਪਿਆਊ ਸਾਹਿਬ ਵਿਖੇ ਅਤੇ ਰਾਜੌਰੀ ਗਾਰਡਨ ਦੇ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਕੀਤਾ।

ਦਿੱਲੀ ਅਸੀਂ ਉਦੋਂ ਆਪਣੀ ਮਾਰੂਤੀ ਵੈਨ ਤੇ ਜਾਂਦੇ ਸਾਂ। ਉਦੋਂ ਮੇਰੇ ਤਬਲੇ ਪਰਮਜੀਤ ਸਿੰਘ ਜੀ (ਹੁਣ ਪੀਐਚ. ਡੀ. ਕਰਕੇ ਡਾਕਟਰ ਪਰਮਜੀਤ ਸਿੰਘ ਬਣ ਗਏ ਹਨ), ਉਹਨਾਂ ਦੇ ਭਰਾਤਾ ਸ੍ਰ ਜਸਪਾਲ ਸਿੰਘ ਤੀਜੇ ਸਾਥੀ ਹੁੰਦੇ ਸੀ। (ਇਹ ਹੁਣ ਕਨੇਡਾ ਦੀ ਧਰਤੀ ਨੂੰ ਭਾਗ ਲਾ ਰਹੇ ਹਨ) ਅਸੀਂ ਆਪਣਾ ਬਹੁਤਾ ਰਿਆਜ਼ ਚੰਡੀਗੜ੍ਹ ਤੋਂ ਦਿੱਲੀ ਅਤੇ ਦਿੱਲੀ ਤੋਂ ਚੰਡੀਗੜ੍ਹ ਦੇ ਸਫਰ ਦੌਰਾਨ ਕਰਦੇ ਸਾਂ। ਚੰਡੀਗੜ੍ਹੋਂ ਸਵੇਰੇ ਨਿਕਲਦਿਆਂ ਜਪੁਜੀ ਸਾਹਿਬ ਦਾ ਪਾਠ ਤਿੰਨੇ ਉਚੀ ਆਵਾਜ਼ ਵਿੱਚ ਕਰਦੇ। ਉਸ ਤੋਂ  ਆਸਾ ਦੀ ਵਾਰ ਦਾ ਕੀਰਤਨ ਆਰੰਭ ਕਰ ਲੈਂਦੇ। ਇਹ ਵੀ ਕੀਰਤਨ ਚੌਂਕੀ ਦੀ ਵਿਧੀ ਅਨੁਸਾਰ ਕਰਦੇ ਸਾਂ। ਸ਼ਾਮ ਨੂੰ ਵਾਪਸੀ ਸਮੇਂ ਰਹਿਰਾਸ ਸਾਹਿਬ ਆਰੰਭ ਕਰਨ ਦਾ ਜਿੰਮਾ ਜਸਪਾਲ ਸਿੰਘ ਜੀ ਦਾ ਹੁੰਦਾ ਸੀ ਉਹ ਵੀ ਸੋਦਰ ਚੌਂਕੀ ਵਾਂਗ ਕੀਰਤਨ ਕਰਦਿਆਂ ਪਾਠ ਕਰਦੇ ਸਾਂ।

ਇੰਜ ਸਾਡਾ ਰਿਆਜ਼ ਵੀ ਹੋ ਜਾਂਦਾ ਸ਼ਬਦ ਵੀ ਯਾਦ ਹੋ ਜਾਂਦੇ ਅਤੇ ਸਫਰ ਵੀ ਸੁਹਾਵਣਾ ਤੈਅ ਹੋ ਜਾਂਦਾ। ਰਾਹ ਵਿੱਚ ਆਉਂਦਿਆਂ ਜਾਂਦਿਆਂ ਸਾਡਾ ਪੜਾਅ ਪਾਨੀਪਤ ਹੁੰਦਾ ਇਥੇ ਸਾਡੇ ਬਹੁਤ ਪਿਆਰੇ ਮਿੱਤਰ ਸੁਦਰਸ਼ਨ ਸਿੰਘ ਕਾਲਰਾ ਹੁੰਦੇ ਸਨ। ਇੱਥੋਂ ਕਾਲਰਾ ਜੀ ਵੀ ਸਾਡੇ ਜਥੇ ਵਿੱਚ ਸ਼ਾਮਲ ਹੋ ਜਾਂਦੇ। ਆਉਣ ਜਾਣ ਸਮੇਂ ਉਹਨਾਂ ਦੇ ਘਰ ਵਿਖੇ ਉਹਨਾਂ ਦੀ ਸੁਪਤਨੀ ਬੀਬੀ ਰੇਸ਼ਮ ਕੌਰ ਜੀ ਸਾਨੂੰ ਪਿਆਰ ਨਾਲ ਲੰਗਰ ਛਕਾਉਂਦੇ। ਉਹਨਾਂ ਦੀ ਕਾਫੀ ਦਾ ਸੁਆਦ ਮੈਨੂੰ ਅਜੇ ਤਕ ਯਾਦ ਹੈ।

ਦਿੱਲੀ ਦੇ ਕੀਰਤਨ ਸਮਾਗਮਾਂ ਦੀ ਗੱਲ ਕਰਦਿਆਂ ਸਵਰਗਵਾਸੀ ਪ੍ਰੋ. ਜੋਗਿੰਦਰ ਸਿੰਘ ਜੀ ਵੀ ਯਾਦ ਆ ਜਾਂਦੇ ਹਨ। ਰਕਾਬਗੰਜ ਸਾਹਿਬ ਉਹ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਸਨ। ਉਹ ਜਦੋਂ ਸਾਡੇ ਬਾਰੇ ਅਨਾਊਂਸ ਕਰਦੇ ਤਾਂ ਸਾਡੇ ਤੋਂ ਪਹਿਲਾਂ ਕੀਰਤਨ ਕਰ ਚੁੱਕੇ ਕੀਰਤਨੀਏ ਦੀ ਸਿਫਤ ਕਰਦੇ ਤੇ ਫਿਰ ਸਾਡੇ ਬਾਰੇ ਸਿਫਤ ਕਰਦਿਆਂ ਅਨਾਊਂਸ ਕਰਦੇ ਤਾਂ ਕੀਰਤਨ ਕਰਨ ਲਈ ਉਤਸ਼ਾਹ ਪੈਦਾ ਹੋ ਜਾਂਦਾ। ਉਹਨਾਂ ਦਾ ਸ਼ੁਕਰਾਨਾ ਕਰਦਾ ਹੀ ਰਹਿੰਦਾ ਹਾਂ।

ਮੇਰੇ ਇਸ ਕੀਰਤਨੀ ਜਨੂੰਨ ਨੂੰ ਧਿਆਨ ਵਿੱਚ ਰੱਖਦਿਆਂ ਮੇਰੀ ਸੁਪਤਨੀ ਕੁਲਵੰਤ ਕੌਰ ਜੀ ਨੇ ਆਪਣੀ ਨੌਕਰੀ ਤੋਂ ਪ੍ਰੀ-ਮਿਚਿਉਰ ਰਿਟਾਇਰਮੈਂਟ ਲੈ ਕੇ ਬੱਚਿਆਂ ਦੀ ਪਰਵਰਿਸ਼ ਦੀ ਪੂਰੀ ਜਿੰਮੇਵਾਰੀ ਲੈ ਲਈ। ਮਨ ਹੀ ਮਨ ਉਹਨਾਂ ਦਾ ਅਤੇ ਆਪਣੇ ਬੱਚਿਆਂ ਦਾ ਵੀ ਕਰਦਾ ਹਾਂ। ਬੱਚਿਆਂ ਨੇ ਆਪੋ ਆਪਣੇ ਖੇਤਰ ਵਿੱਚ ਸ਼ਲਾਘਾ ਯੋਗ ਪ੍ਰਾਪਤੀਆਂ ਕੀਤੀਆਂ। ਮੈਂ ਤਾਂ ਘਰੇਲੂ ਫਰੰਟ ਤੇ ਅਜੇ ਤਕ ਵੀ ਨਾਲਾਇਕ ਹੀ ਹਾਂ। ਖੈਰ ਹੁਣ ਇਹਨਾਂ ਯਾਦਾਂ ਸਦਕਾ ਵੀ ਦਿਨ ਚੰਗਾ ਨਿਕਲ ਜਾਂਦਾ ਹੈ।

ਭੁੱਲ ਚੁੱਕ ਖਿਮਾ
ਜਾਗੀਰ ਸਿੰਘ

# ਸਭ ਥਾਈਂ ਹੋਇ ਸਹਾਇ

ਡਾ. ਜਸਵੰਤ ਸਿੰਘ ਨੇਕੀ

ਜੋ ਕੋ ਸਿਖੁ ਗੁਰੂ ਸੇਤੀ ਸਨਮੁਖ ਹੋਵੈ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥
ਕਹੈ ਨਾਨਕ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥੨੧॥

ਰਾਮਕਲੀ ਮ:੩ (919/16)

ਅਰਦਾਸ ਸਤਿਗੁਰੂ ਦੇ ਸਨਮੁਖ ਹੋ ਕੇ ਕਰਨ ਦਾ ਆਦੇਸ਼ ਹੈ। ਸਿੱਖੀ ਇਕ ਨਿਰੰਕਾਰ ਦੀ ਉਪਾਸ਼ਨਾ ਦਾ ਧਰਮ ਨਹੀਂ ਹੋਂਦਾ। ਉਸ ਨਾਲ ਸਾਡਾ ਸੰਬੰਧ ਨਹੀਂ ਜੁੜਦਾ। ਸੰਬੰਧ ਥਾਪਣ ਲਈ ਨਿਰੰਕਾਰ ਨੇ ਸਤਿਗੁਰੂ ਨੂੰ ਪਰਗਟ ਕੀਤਾ। ਗੁਰਤਾ ਦੀ ਸੰਸਥਾ ਨਿਰੰਕਾਰ ਦੀ ਆਪਣੀ ਪ੍ਰਸੰਨਤਾ ਨਾਲ ਹੋਂਦ ਵਿਚ ਆਈ ਹੈ। ਜਨਮ ਸਾਖੀ ਇਸ ਗੱਲ ਦੀ ਗਵਾਹੀ ਦੇਂਦੀ ਹੈ। ਸੁਲਤਾਨਪੁਰ ਲੋਧੀ ਜਦੋਂ ਬਾਬੇ ਨੇ ਵੇਈਂ ਨਦੀ ਵਿੱਚ ਤਿੰਨ-ਦਿਨ-ਲੰਮੀ ਚੁੱਭੀ ਮਾਰੀ, ਤਾਂ ਪਰਮੇਸਰ ਦੇ ਸੇਵਕ ਗੁਰੂ ਨਾਨਕ ਦੇਵ ਜੀ ਨੂੰ ਪਰਮ ਪੁਰਖ ਪਾਸ ਲੈ ਗਏ, ਤਾਂ ਪਰਮਾਤਮਾ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਅੰਮ੍ਰਿਤ ਦਾ ਪਿਆਲਾ ਪੇਸ਼ ਕੀਤਾ। ਪਰਮਾਤਮਾ ਨੇ ਕਿਹਾ, ਨਾਨਕ ਇਹ ਅੰਮ੍ਰਿਤ ਨਾਮ ਦਾ ਪਿਆਲਾ ਤੂ ਤਸਲੀਮ ਕਰ। ਗੁਰੂ ਨਾਨਕ ਨੇ ਉਹ ਅੰਮ੍ਰਿਤ ਦਾ ਪਿਆਲਾ ਕੀਤਾ। ਪਰਮੇਸਰ ਨੇ ਆਵਾਜ਼ ਦਿੱਤੀ ਨਾਨਕ ਮੈਂ ਤੇਰੇ ਕੋਲ ਹਾਂ ਮੈਂ ਤੇਰੇ ਤਾਈਂ ਨਿਹਾਲ ਕੀਆ ਹੈ। ਤੂ ਜਾਇ ਕਰ ਮੇਰਾ ਨਾਮ ਜਪ ਅਰ ਲੋਕਾਂ ਥੀਂ ਭੀ ਜਪਾਇ।.....ਤੂ ਜਾ ਮੇਰੇ ਹੁਕਮ ਦੀ ਕਾਰ ਕਰ।.......ਨਾਨਕ ਜਿਸ ਉਪਰ ਤੇਰੀ ਨਜ਼ਰ ਉਸ ਉਪਰ ਮੇਰੀ ਨਜ਼ਰ। ਜਿਸ ਉਪਰ ਤੇਰਾ ਕਰਮ ਉਸ ਉਪਰ ਮੇਰਾ ਕਰਮ। ਮੇਰਾ ਨਾਮ ਪਾਰਬ੍ਰਹਮ ਪਰਮੇਸਰ ਤੇਰਾ ਨਾਮ ਗੁਰੂ ਪਰਮੇਸਰ। ” ਇਉਂ ਸਤਿਗੁਰੂ ਇਕ ਪਾਸੇ ਨਿਰੰਕਾਰ ਨਾਲ ਅਭੇਦ ਹੈ ਤੇ ਦੂਜੇ ਪਾਸੇ ਸੰਸਾਰ ਦਾ ਸੰਬੰਧ ਜੋੜਦਾ ਹੈ। ਨਿਰੰਕਾਰ ਉਸ ਦੇ ਅੰਦਰੋਂ ਲੋਕਾਈ ਨਾਲ ਮੁਖਾਤਬ ਹੋਂਦਾ ਹੈ:

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥

-ਮਲਾਰ ਵਾਰ ਮ: ੧ (1279/13)

ਇਸ ਲਈ, ਸਤਿਗੁਰੂ ਦੇ ਸਨਮੁਖ ਹੋਣਾ, ਆਪ ਵਾਹਿਗੁਰੂ ਦੇ ਸਨਮੁਖ ਹੋਣਾ ਹੈ। ਸਤਿਗੁਰੂ ਅੱਗੇ ਅਰਦਾਸ ਵਾਹਿਗੁਰੂ ਅੱਗੇ ਅਰਦਾਸ ਹੈ।

ਭਗਤੀ ਮਾਰਗ ਵਿਚ ਤਾਂ ਕਈ ਲਾਡਲੇ ਭਗਤਾਂ ਨੇ ਪਰਮਾਤਮਾ ਨੂੰ ਵੀ ਗੁਰੂ ਦੇ ਤੁਲ ਨਹੀਂ ਸਮਝਿਆ। ਸਹਿਜੋ ਬਾਈ ਦੀ ਇਕ ਚੌਪਾਈ ਹੈ ਜਿਸ ਵਿਚ ਉਸ ਨੇ ਗੁਰੂ ਦੀ ਸ੍ਰੇਸਟਤਾ ਹਰਿ ਤੋਂ ਵੀ ਵੱਧ ਦ੍ਰਿੜ੍ਹ ਕਰਾਈ ਹੈ। ਇਸ ਚੌਪਾਈ ਵਿਚ ਹਰਿ ਦੇ ਨਿਜ ਸਰੂਪ ਨੂੰ ਉਸ ਦੇ ਪਰਗਟ ਸਰੂਪ, ਗੁਰੂ, ਦੇ ਤੁਲ ਨਹੀਂ ਸਮਝਿਆ, ਕਿਉਂਕਿ (੧) ਰੱਬ ਨੇ ਸੰਸਾਰ ਰਚਿਆ ਤੇ ਉਸ ਵਿਚ ਸਾਨੂੰ ਜਨਮ ਦਿੱਤਾ, ਪਰ ਗੁਰੂ ਨੇ ਸਾਨੂੰ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਦਿਵਾ ਦਿੱਤਾ (੨) ਰੱਬ ਨੇ ਕਾਮ ਕ੍ਰੋਧ ਆਦਿ ਪੰਜ ਚੋਰ ਸਾਡੇ ਮਗਰ ਲਾਏ, ਪਰ ਗੁਰੂ ਨੇ ਨਿਆਸਰੇ ਜਾਣ ਕੇ ਸਾਨੂੰ ਇਹਨਾਂ ਤੋਂ ਬਚਾ ਲਿਆ (੩) ਰੱਬ ਨੇ ਸਾਨੂੰ ਕੁਟੰਬ ਦੇ ਮੋਹ ਵਿਚ ਬੰਨ੍ਹਿਆ, ਪਰ ਗੁਰੂ ਨੇ ਮਮਤਾ ਦੇ ਬੰਧਨ ਕਟ ਦਿੱਤੇ (੪) ਰੱਬ ਨੇ ਸਾਨੂੰ ਰੋਗਾਂ ਤੇ ਸੋਗਾਂ ਵਿਚ ਭਟਕਣ ਲਈ ਛੋੜਿਆ, ਪਰ ਗੁਰੂ ਨੇ ਯੋਗੀ ਬਣਾ ਕੇ ਇਨਾ ਤੋਂ ਅਤੀਤ ਕਰ ਦਿਤਾ (੫) ਰੱਬ ਨੇ ਕਰਮਾਂ ਧਰਮਾਂ ਵਿੱਚ ਸਾਨੂੰ ਭਰਮਾਇਆ, ਪਰ ਗੁਰੂ ਨੇ ਆਤਮ ਰੂਪ ਨਾਲ ਸਾਡੀ ਜਾਣ ਪਛਾਣ ਕਰਾ ਦਿੱਤੀ (੬) ਰੱਬ ਨੇ ਆਪਣੇ ਆਪ ਨੂੰ ਸਾਥੋਂ ਛੁਪਾਇਆ, ਪਰ ਗੁਰੂ ਨੇ ਗਿਆਨ ਜੋਤਿ ਜਗਾ ਕੇ ਉਸ ਦਾ ਦੀਦਾਰ ਕਰਾ ਦਿੱਤਾ, (੭) ਰੱਬ ਨੇ ਸਾਡੇ ਲਈ ਬੰਧਨ ਤੇ ਮੁਕਤੀ ਦੀਆਂ ਦੋ ਹਾਲਤਾਂ ਪੈਦਾ ਕੀਤੀਆਂ, ਪਰ ਗੁਰੂ ਨੇ ਦੋਹਾਂ ਦਾ ਭਰਮ ਮਿਟਾ ਦਿੱਤਾ। ” ਇਸ ਲਈ ਉਹ ਕਹਿੰਦੀ ਹੈ:

ਗੁਰ ਨਾ ਤਜੋਂ ਹਰਿ ਕੋ ਤਜ ਡਾਰੂੰ। ਸਹਿਜੋ ਬਾਈ।

ਗੁਰਮਤਿ ਵਿਚ ਐਸੀ ਕਥਨੀ ਸ਼ਾਇਦ ਪਰਵਾਨ ਨਾ ਹੋਵੇ। ਇਥੇ ਤਾਂ ਵਾਹਿਗੁਰੂ ਦੀ ਮਿਹਰਾਮਤ ਹੀ ਗੁਰੂ ਬਾਣੀ ਪਰਗਟ ਹੋਣੀ ਹੈ। ਵਾਹਿਗੁਰੂ ਦਾ ਪਿਆਰ ਗੁਰੂ ਰੂਪ ਹੋ ਕੇ ਪਰਗਟ ਹੋਇਆ ਹੈ। ਉਸ ਦਾ ਪ੍ਰਸਾਦ (=ਕਿਰਪਾ ਮੇਹਰ) ਹੀ ਗੁਰੂ ਰੂਪ ਧਾਰ ਕੇ ਸਾਨੂੰ ਪ੍ਰਾਪਤ ਹੋਂਦਾ ਹੈ। "ਗੁਰੂ ਪ੍ਰਸਾਦਿ" ਦਾ ਏਹੋ ਅਰਥ ਹੈ। ਨਿਰੰਕਾਰ ਦੀ ਮਿਹਰਾਮਤ ਦਾ ਪੂਰਨ ਪੁੰਜ ਹੋਣ ਕਾਰਨ ਹੀ ਗੁਰੂ "ਪੂਰਾ ਪਰਮੇਸ਼ਰ" ਹੈ। ਏਹੋ ਹੀ ਨਹੀਂ, ਜੇਕਰ ਕੋਈ ਸਤਿਗੁਰੂ ਦੀ ਸ਼ਰਨ ਪੈ ਜਾਵੇ, ਤਾਂ ਵਾਹਿਗੁਰੂ ਆਪ ਉਸ ਦੀ ਰਾਖੀ ਕਰਨ ਆਉਂਦਾ ਹੈ।

ਇਸੇ ਲਈ ਅਰਦਾਸ ਦੀ ਮੁਢਲੀ ਪਉੜੀ ਵਿਚ ਸਤਿਗੁਰਾਂ ਦਾ ਅਭਿਨੰਦਨ ਹੀ ਨਹੀਂ, ਉਹਨਾਂ ਨੂੰ ਸਿਮਰਨ ਤੋਂ ਧਿਆਉਣ ਦਾ ਆਦੇਸ਼ ਵੀ ਹੈ, ਅੰਗ ਸੰਗ ਹੋ ਕੇ ਸਹਾਈ ਹੋਣ ਦੀ ਦੁਹਾਈ ਵੀ ਹੈ, ਤੇ ਗੁਰੂ ਦੇ ਆਪਣੇ ਬਿਰਦ ਦੀ ਚੇਤਾਵਨੀ ਵੀ ਉਹ ਬਿਰਦ ਜੋ ਐਲਾਨੀਆ ਕਹਿੰਦੇ :

ਸਤਿਗੁਰੂ ਸਿਖ ਕਉ ਜੀਅ ਨਾਲਿ ਸਮਾਰੈ॥ ਗਉੜੀ ਮ: ੫ (286/16)

ਤੇ ਸਤਿਗੁਰ ਆਪਣੇ ਬਚਨਾਂ ਦਾ ਸੂਰਮਾ ਹੈ।

ਸਤਿਗੁਰੂ ਕੇਵਲ ਅਕਾਲ ਪੁਰਖ ਨਾਂਲ ਹੀ ਅਭੇਦ ਨਹੀਂ, ਇਕ ਗੁਰੂ ਦੂਜੇ ਗੁਰੂ ਨਾਲ ਵੀ ਅਭੇਦ ਹੈ। ਆਪ ਗੁਰੂ ਗੋਬਿੰਦ ਸਿੰਘ ਜੀ ਇਸ ਸੱਚ ਦਾ ਸਾਖੀ ਭਰਦੇ ਹਨ:

ਸ੍ਰੀ ਨਾਨਕ ਅੰਗਦਿ ਕਰ ਮਾਨਾ। ਅਮਰਦਾਸ ਅੰਗਦ ਪਹਿਚਾਨਾ।
ਅਮਰਦਾਸ ਰਾਮਦਾਸ ਕਹਾਯੋ। ਸਾਧਨਿ ਲਖਾ, ਮੂੜ੍ਹ ਨਹਿ ਪਾਯੋ (੯)
ਰਾਮਦਾਸ ਹਰਿ ਸੋਂ ਮਿਲ ਗਏ। ਗੁਰਤਾ ਦੇਤ ਅਰਜਨਹਿ ਭਏ।
ਜਬ ਅਰਜਨ ਪ੍ਰਭ ਲੋਕ ਸਿਧਾਏ। ਹਰਿਗੋਬਿੰਦ ਤਿਹ ਠਾਂ ਠਹਿਰਾਏ॥੧੧॥
ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ। ਹਰੀ ਰਾਇ ਤਿਹ ਠਾਂ ਬੈਠਾਰੇ।
ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ। ਤਿਨ ਤੇ ਤੇਗ ਬਹਾਦਰ ਭਏ॥੧੨॥
ਭਿੰਨ ਭਿੰਨ ਸਬਹੂੰ ਕਰ ਜਾਨਾ। ਏਕ ਰੂਪ ਕਿਨਹੂੰ ਪਹਿਚਾਨਾ।
ਜਿਨ ਜਾਨਾ ਤਿਨ ਹੀ ਸਿਧ ਪਾਈ। ਬਿਨ ਸਮਝੇ ਸਿਧ ਹਾਥ ਨਾ ਆਈ (੧੦) – ਬਚਿਤ੍ਰ ਨਾਟਕ, ਧਿ: ੫

ਸਾਰੇ ਗੁਰੂ ਸਾਹਿਬਾਂ ਅੰਦਰ ਇਕੋ ਜੋਤਿ ਦਾ ਪ੍ਰਕਾਸ਼ ਸੀ। ਜੋਤਿ ਵਲੋਂ ਹੀ ਨਹੀਂ, ਸਤਿਗੁਰਾਂ ਵਿਚ ਜੁਗਤ ਵਲੋਂ ਵੀ ਅਭੇਦਤਾ ਸੀ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ – ਰਾਮਕਲੀ ਵਾਰ: ਬਲਵੰਡ-ਸਤਾ (966/18)

ਇਸ ਲਈ ਕਿਸੇ ਇਕ ਗੁਰੂ ਦਾ ਧਿਆਨ ਸਮੱਸਤ ਸਤਿਗੁਰਾਂ ਦਾ ਧਿਆਨ ਹੈ: ਕਿਸੇ ਇਕ ਸਤਿਗੁਰੂ ਦਾ ਦਰਸ਼ਨ ਸਮੱਸਤ ਸਤਿਗੁਰਾਂ ਦਾ ਸਫਲ ਦਰਸ਼ਨ ਹੈ; ਕਿਸੇ ਇਕ ਸਤਿਗੁਰੂ ਦੀ ਸਹਾਇਤਾ ਸਮੁੱਚੇ ਗੁਰੂ-ਗਣ ਦੀ ਸਹਾਇਤਾ ਹੈ।

ਗੁਰੂ ਦੇ ਦੋ ਲੱਛਣ ਅਸਾਂ ਉਪਰ ਵਿਚਾਰੇ ਹਨ ਇਹ ਹਨ (੧) ਦੈਵੀ ਬਖ਼ਸ਼ਿਸ਼ ਤੋਂ ਸਥਾਪਨਾ ਤੇ (੨) ਜੋਤਿ ਜੁਗਤਿ ਦੀ ਏਕਤਾ। ਇਕ ਹੋਰ ਬੁਨਿਆਦੀ ਲੱਛਣ, ਗੁਰੂ ਦੀ "ਅਪੁਰਖਤਾ" ਹੈ। ਸਤਿਗੁਰੂ ਦੀ ਦੇਹ ਗੁਰੂ ਨਹੀਂ, ਗੁਰੂ ਦਾ ਸ਼ਬਦ ਗੁਰੂ ਹੈ-ਉਹ ਸ਼ਬਦ ਜੋ ਪਾਰਬ੍ਰਹਮ ਵਲੋਂ ਆਇਆ ਤੇ ਜੋ ਸਤਿਗੁਰਾਂ ਦੀ ਹਿਰਦੇ ਵਿਚੋਂ ਬਾਣੀ ਰੂਪ ਹੋ ਕੇ ਪਰਗਟ ਹੋਇਆ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ।
ਡਿਠੈ ਮੁਕਤਿ ਨਾ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰ – ਵਡਹੰਸ ਵਾਰ : ੪॥ ਸਲੋਕ ੩ (594/11)

ਇਹ "ਖਸਮ ਕੀ ਬਾਣੀ" ਹੀ ਅਸਲ ਗੁਰੂ ਹੈ। ਇਸੇ 'ਸ਼ਬਦ' ਨੂੰ ਸਿੱਧਾਂ ਨਾਲ ਗੋਸ਼ਟ ਦੇ ਦੌਰਾਨ ਗੁਰੂ ਨਾਨਕ ਦੇਵ ਜੀ ਨੇ ਗੁਰੂ ਕਿਹਾ। ਇਸੇ ਬਾਣੀ ਨੂੰ ਜੋਤੀ ਜੋਤਿ ਸਮਾਉਣ ਸਮੇਂ ਦਸਮ ਪਾਤਸ਼ਾਹ ਨੇ ਗੁਰਿਆਈ ਦੇ ਕੇ ਸਖ਼ਸੀ ਗੁਰਤਾ ਦੀ ਲੜੀ ਸਮਾਪਤ ਕਰ ਦਿੱਤੀ ਤੇ ਗੁਰੂ ਗੰਥ ਸਾਹਿਬ ਨੂੰ ਸਦੀਵ-ਕਾਲੀ ਸ਼ਬਦ – ਗੁਰੂ ਥਾਪ ਦਿੱਤਾ। ਦਸਾਂ ਗੁਰੂਆਂ ਤੋਂ ਬਾਦ, ਅਰਦਾਸ ਵਿਚ ਇਸੇ ਸ਼ਬਦ-ਗੁਰੂ ਦਾ ਅਭਿਨੰਦਨ ਹੁੰਦਾ ਹੈ।

(ਧੰਨਵਾਦ ਸਹਿਤ ਪੁਸਤਕ 'ਅਰਦਾਸ' ਵਿੱਚੋਂ)

# ਡਾ. ਗੁਰਨਾਮ ਸਿੰਘ ਸਨਮਾਨਿਤ

ਰਜਿੰਦਰ ਸਿੰਘ ਟਾਂਡਾ

ਸਿੱਖ ਕੌਮ ਵਿੱਚ ਪਹਿਲੀ ਵਾਰ ਅਕਾਦਮਿਕ ਤੌਰ ਉੱਤੇ, ਗੁਰਮਤਿ ਸੰਗੀਤ ਨੂੰ ਬਤੌਰ ਸਬਜੈਕਟ ਸਥਾਪਿਤ ਕਰਨ ਦਾ ਵੱਡਾ ਕਾਰਜ ਕਰਨ ਵਾਲੇ ਗੁਰਮਤਿ ਸੰਗੀਤ ਅਚਾਰਿਆ, ਡਾ. ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ ਵਾਲਿਆਂ ਨੂੰ ਕੱਲ੍ਹ ਗੁਰਦਵਾਰਾ ਸਾਹਿਬ, Bradshaw Road, ਸੈਕਰਾਮੈਂਟੋ ਵਿਖੇ, ਦਰਬਾਰੇ ਏ ਗੁਰਮਤਿ ਸੰਗੀਤ ਸੰਸਥਾ ਵਲੋਂ, ਗੁਰਮਤਿ ਸੰਗੀਤ ਮਾਰਤੰਡ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਡਾ.ਸਾਹਿਬ ਨੇ ਕੇਵਲ ਆਪਣੀ ਸਾਰੀ ਜਿੰਦਗੀ ਗੁਰਮਤਿ ਸੰਗੀਤ ਨੂੰ ਸਮਰਪਿਤ ਨਹੀਂ ਕੀਤੀ ਬਲਕਿ ਉਹਨਾਂ ਦੇ ਪਿਤਾ ਜੀ ਨੇ ਫਤਹਿਗੜ੍ਹ ਸਾਹਿਬ, ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ ਉੱਤੇ, ਬਤੌਰ ਕੀਰਤਨੀਏ ਸੇਵਾਵਾਂ ਨਿਭਾਈਆਂ ਹਨ ਤੇ ਸ਼੍ਰੋਮਣੀ ਰਾਗੀ ਦਾ ਖਿਤਾਬ ਪਾਇਆ ਸੀ।

ਵੈਸੇ ਤਾਂ ਡਾ. ਸਾਹਿਬ ਦੀਆਂ ਪ੍ਰਾਪਤੀਆਂ ਉੱਤੇ ਕਈ ਲੇਖ ਲਿਖੇ ਜਾ ਸਕਦੇ ਹਨ। ਪਰ ਮੋਟੇ ਰੂਪ ਵਿੱਚ, ਪੰਜਾਬੀ ਯੂਨੀਵਰਸਿਟੀ ਵਿੱਚ ਪਹਿਲਾਂ ਗੁਰਮਤਿ ਸੰਗੀਤ ਚੇਅਰ ਅਤੇ ੨੦੦੪ ਵਿੱਚ ਬਕਾਇਦਾ, ਸ਼ਾਸ਼ਤਰੀ ਸੰਗੀਤ ਨਾਲੋਂ ਗੁਰਮਤਿ ਸੰਗੀਤ ਨੂੰ ਨਿਖੇੜ ਕੇ, ਅਕਾਦਮਿਕ ਤੌਰ ਉੱਤੇ ਸਥਾਪਿਤ ਕਰਨ ਦਾ ਵੱਡਾ ਕਾਰਜ ਕੀਤਾ ਹੈ ਤੇ ਬਤੌਰ Head of the Department ਇਸ ਨੂੰ ਬੜੇ ਹੀ ਸਫਲ ਤਰੀਕੇ ਨਾਲ ਅੱਗੇ ਵੀ ਵਧਾਇਆ ਹੈ। ਜਿਸ ਦੇ ਨਾਲ, ਰਾਗ ਦੀ ਪ੍ਰਧਾਨਤਾ ਨੂੰ ਖ਼ਤਮ ਕਰ, ਸ਼ਬਦ ਦੀ ਪ੍ਰਧਾਨਤਾ ਵਾਲਾ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਉਣ ਦਾ ਇੱਕ ਸਿੱਖਿਅਤ ਤਰੀਕਾ, ਕੌਮ ਅੰਦਰ ਮੁੜ ਤੋਂ, ਪ੍ਰਚਲਤ ਹੋਇਆ ਹੈ।

ਦਰਬਾਰ ਸਾਹਿਬ ਅੰਦਰ, ਤੰਤੀ ਸਾਜ਼ਾਂ ਦੇ ਅਲੋਪ ਹੋਣ ਤੋ "ਬਾਅਦ, ਮੁੜ ਤੋਂ" ਸਥਾਪਿਤ ਕਰਨ ਦਾ ਸਿਹਰਾ ਵੀ ਡਾ. ਸਾਹਿਬ ਨੂੰ ਜਾਂਦਾ ਹੈ।

ਸ਼੍ਰੋਮਣੀ ਰਾਗੀ, ਰਾਸ਼ਟਰਪਤੀ ਐਵਾਰਡ ਤੇ ਹੋਰ ਅਨੇਕਾਂ ਐਵਾਰਡ ਨਾਲ ਸਨਮਾਨਿਤ ਡਾ. ਸਾਹਿਬ ਹੁਣ ਤੱਕ ਅਠਾਈ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਵਿੱਚ PhD. ਕਰਵਾ ਚੁੱਕੇ ਹਨ। ਇਸ ਤੋਂ ਇਲਾਵਾ, ਗੁਰਮਤਿ ਸੰਗੀਤ ਵਿੱਚ B.A., M.A. ਦੀਆਂ ਡਿਗਰੀਆਂ ਹਾਸਲ ਕਰਨ ਵਾਲੇ ਸੈਂਕੜੇ ਵਿਦਿਆਰਥੀ, ਹੁਣ ਤੱਕ ਗੁਰਮਤਿ ਸੰਗੀਤ ਨਾਲ ਜੋੜ ਚੁੱਕੇ ਹਨ।

ਕੋਈ ੩੦ ਕੁ ਕਿਤਾਬਾਂ, ੭੦ ਕੁ ਖੋਜ ਪੱਤਰ ਅਤੇ ੨੫੦ ਤੋਂ ਉੱਪਰ ਗੁਰਮਤਿ ਸੰਗੀਤ ਵਿੱਚ ਪੇਪਰ ਪ੍ਰਕਾਸ਼ਿਤ ਕਰਵਾਉਣ ਤੋਂ ਬਾਅਦ ਅੱਜਕਲ੍ਹ ਵਿਦੇਸ਼ਾਂ ਦੇ ਸਕੂਲਾਂ ਵਿੱਚ ਗੁਰਮਤਿ ਸੰਗੀਤ ਦੇ ਸਿਲੇਬਸ ਤਿਆਰ ਕਰਨ ਦਾ ਬਹੁਤ ਹੀ ਆਹਲਾ ਕੰਮ ਕਰ ਰਹੇ।

ਜਿੱਥੇ ਕੇਵਲ ੩੨, ੩੩ ਕੁ ਸਾਲ ਦੀ ਉਮਰ ਵਿੱਚ ਬਾਬਾ ਸੁੱਚਾ ਸਿੰਘ ਜਵੱਦੀ ਟਕਸਾਲ ਨਾਲ ਰਲ ਗੁਰਮਤਿ ਸੰਗੀਤ ਅੰਦਰ ਰਾਗਾਂ ਦੇ ਗਾਇਨ ਨੂੰ ਨਿਰਧਾਰਿਤ ਕਰਨ ਦਾ ਵੀ ਮਹਾਨ ਕੰਮ ਕੌਮ ਦੀ ਝੋਲੀ ਪਾਇਆ, ਉਥੇ ਆਪ ਖ਼ੁਦ, ਗੁਰੂ ਗ੍ਰੰਥ ਸਾਹਿਬ ਅੰਦਰ, ੩੧ ਸ਼ੁੱਧ ਰਾਗ ਤੇ ੩੧ ਮਿਸ਼ਰਤ ਰਾਗ ਦਾ ਗਾਇਨ ਕਰ ਕੇ, ਸਿਖਿਆਰਥੀਆਂ ਨੂੰ ਇਹ ਰਾਗ ਗਾਇਨ ਕਰਨ ਦਾ ਸੁਨੇਹਾ ਵੀ ਦਿੱਤਾ ਹੈ।

ਅੱਜ ਵੀ ਬੜੀ ਹਿੰਮਤ ਅਤੇ ਮਿਹਨਤ ਨਾਲ ਗੁਰਮਤਿ ਸੰਗੀਤ ਪ੍ਰਸਾਰ ਅਤੇ ਪ੍ਰਚਾਰ ਲਈ ਦਿਨ ਰਾਤ ਇੱਕ ਕਰ ਰਹੇ ਹਨ । ਗੁਰੂ ਕ੍ਰਿਪਾ ਕਰਨ, ਉਹਨਾਂ ਨੂੰ ਲੰਬੀ ਅਤੇ ਸਿਹਤਯਾਬ ਉਮਰ ਬਖਸ਼ਣ ਤਾਂ ਕਿ ਉਹ ਇਨ੍ਹਾਂ ਪੰਥਕ ਕਾਰਜਾਂ ਨੂੰ ਬਹੁਤ ਅਗਲੇ ਮਰਹਲੇ ਤੱਕ ਲੈ ਕੇ ਜਾਵਣ।

ਦਰਬਾਰ-ਏ-ਗੁਰਮਤਿ ਸੰਗੀਤ ਸੰਸਥਾ ਅਤੇ ਗੁਰਦਵਾਰਾ ਸਾਹਿਬ ਕਮੇਟੀ ਦਾ ਵੀ ਇਸ ਉਪਰਾਲੇ ਲਈ ਹਾਰਦਿਕ ਸ਼ੁਕਰੀਆ । [ਫੇਸਬੂਕ - ਸ. ਰਜਿੰਦਰ ਸਿੰਘ ਟਾਂਡਾ]

# ਗੁਰਮਤਿ ਸੰਗੀਤ ਦਾ ਸਮਕਾਲੀ ਵਿਸ਼ਵ ਪ੍ਰਚਾਰ

ਜਸਵਿੰਦਰ ਸਿੰਘ

ਵਿਸ਼ਵ ਪੱਧਰ 'ਤੇ ਸਿੱਖ ਭਾਈਚਾਰੇ ਦੇ ਪ੍ਰਵਾਸ ਨਾਲ ਸਿੱਖ ਧਰਮ ਦੀਆਂ ਰਵਾਇਤਾਂ ਤੇ ਪਰੰਪਰਾਵਾਂ ਵੀ ਵਿਸ਼ਵ ਪੱਧਰ ਉੱਤੇ ਵਿਕਸਿਤ ਹੋਈਆਂ। ਇਹਨਾਂ ਵਿੱਚੋਂ ਗੁਰਮਤਿ ਸੰਗੀਤ ਪਰੰਪਰਾ ਦੀ ਦਾਸਤਾਂ ਕੋਈ ਬਹੁਤੀ ਪੁਰਾਣੀ ਨਹੀਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਚੀਫ ਖਾਲਸਾ ਦੀਵਾਨ, ਟਕਸਾਲਾਂ ਅਤੇ ਯੂਨੀਵਰਸਿਟੀਆਂ ਨੇ ਗੁਰਮਤਿ ਸੰਗੀਤ ਦੇ ਵਿਕਾਸ ਵਿੱਚ ਆਪੋ ਆਪਣਾ ਯੋਗਦਾਨ ਪਾਇਆ। 1984 ਤੋਂ ਬਾਅਦ ਸਿੱਖ ਭਾਈਚਾਰੇ ਵਿੱਚ ਆਪਣੀ ਵੱਖਰੀ ਹੋਂਦ ਤੇ ਹਸਤੀ ਪ੍ਰਤੀ ਸੁਚੇਤ ਯਤਨ ਹੋਣ ਲੱਗੇ ਜਿਨਾਂ ਵਿੱਚੋਂ ਗੁਰਮਤਿ ਸੰਗੀਤ ਦੀ ਵੱਖਰੀ ਹਸਤੀ ਲਈ ਕਈ ਯਤਨ ਆਰੰਭੇ ਗਏ। ਇਸੇ ਤਰ੍ਹਾਂ ਜਿਵੇਂ-ਜਿਵੇਂ ਭਾਰਤ ਵਿੱਚ ਅਤੇ ਖਾਸ ਕਰਕੇ ਪੰਜਾਬ ਵਿੱਚ ਗੁਰਮਤਿ ਸੰਗੀਤ ਦਾ ਪ੍ਰਚਾਰ ਪ੍ਰਸਾਰ ਵਧਿਆ ਉਸੇ ਤਰ੍ਹਾ ਵਿਦੇਸ਼ਾਂ ਵਿੱਚ ਵੀ ਗੁਰਮਤਿ ਸੰਗੀਤ ਦੇ ਪ੍ਰਚਾਰ ਪਾਸਾਰ ਦਾ ਆਰੰਭ ਹੋਇਆ।

ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਸੰਸਥਾਵਾਂ ਅਤੇ ਸਖ਼ਸ਼ੀਅਤਾਂ ਨੇ ਯੋਗਦਾਨ ਪਾਇਆ ਪਰ ਵਿਸ਼ੇਸ਼ ਰੂਪ ਵਿੱਚ 1985 ਵਿੱਚ ਪੰਜਾਬ ਯੂਨੀਵਰਸਿਟੀ ਵਿਖੇ ਸਿੱਖ ਸੰਗੀਤ ਸਬੰਧੀ ਵਿਸ਼ੇਸ਼ ਸੈਮੀਨਾਰ, 1990 ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਗੁਰਮਤਿ ਸੰਗੀਤ ਨੂੰ ਵਿਸ਼ੇ ਵਜੋਂ ਲਾਗੂ ਕਰਨਾ, 1993 ਤੋਂ 1996 ਤੱਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਰਸਿਟੀ ਦੁਆਰਾ ਸੰਗੀਤ ਵਿਸ਼ੇ ਵਿੱਚ ਗੁਰਮਤਿ ਸੰਗੀਤ ਨੂੰ ਆਂਸ਼ਿਕ ਰੂਪ ਵਿੱਚ ਲਾਗੂ ਕਰਨ ਤੋਂ ਇਲਾਵਾ 1997 ਵਿੱਚ ਪੰਜਾਬੀ ਯੂਨੀਵਰਸਿਟੀ ਦੁਆਰਾ ਡਿਪਲੋਮਾ ਇਨ ਗੁਰਮਤਿ ਸੰਗੀਤ ਦਾ ਆਰੰਭ ਕੀਤੇ ਜਾਣਾ ਇਸ ਵਿਸ਼ੇ ਦੀ ਅਕਾਦਮਿਕ ਸਥਾਪਤੀ ਵੱਲ ਪਹਿਲੇ ਕਦਮਾਂ ਵਿੱਚੋਂ ਰਹੇ ਹਨ। ਗੁਰਮਤਿ ਸੰਗੀਤ ਦੇ ਖੇਤਰ ਵਿੱਚ ਕਾਰਜਸ਼ੀਲ ਸ਼ਖਸੀਅਤਾਂ, ਸੰਸਥਾਵਾਂ, ਅਧਿਆਪਕਾਂ ਅਤੇ ਸਿਖਿਆਰਥੀਆਂ ਨੇ ਇਨ੍ਹਾਂ ਯਤਨਾਂ ਨੂੰ ਵਿਸ਼ਵ ਪੱਧਰ 'ਤੇ ਭਰਪੂਰ ਹੁੰਗਾਰਾ ਦਿੱਤਾ। ਉਪਰੰਤ 2003 ਤੋਂ ਲੈ ਕੇ ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਚੇਅਰ ਫੇਰ ਗੁਰਮਤਿ ਸੰਗੀਤ ਵਿਭਾਗ, ਗੁਰਮਤਿ ਗਿਆਨ ਆਨਲਾਈਨ ਸਟਡੀ ਸੈਂਟਰ, ਸੰਤ ਸੁੱਚਾ ਸਿੰਘ ਆਰਕਾਈਵਜ਼, ਭਾਈ ਰਣਧੀਰ ਸਿੰਘ ਆਨਲਾਈਨ ਗੁਰਮਤਿ ਸੰਗੀਤ ਲਾਈਬਰੇਰੀ, ਗੁਰਮਤਿ ਸੰਗੀਤ ਦੀ ਤਕਨੀਕੀ ਸ਼ਬਦਾਵਲੀ ਦੀਆਂ ਪ੍ਰਕਾਸ਼ਨਾਵਾਂ ਆਦਿ ਪ੍ਰਕਾਸ਼ਨਾ ਅਤੇ ਗੁਰਮਤਿ ਸੰਗੀਤ ਦੇ ਵਿਸ਼ੇ ਵਿੱਚ 20 ਤੋਂ ਵੱਧ ਵਿਦਿਆਰਥੀਆਂ ਦੁਆਰਾ ਪੀਐਚ.ਡੀ. ਕਰ ਜਾਣਾ ਇਸ ਖੇਤਰ ਦੀ ਅਹਿਮ ਪ੍ਰਾਪਤੀ ਸੀ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਵਿੱਚ ਗੁਰੂ ਦੀ ਕਿਰਪਾ ਦੁਆਰਾ ਨਿਰੰਤਰ ਅਗਵਾਈ ਕਰਨ ਵਾਲਾ ਇੱਕ ਨਾਮ ਵਿਸ਼ਵ ਵਿਖਿਆਤ ਸ਼੍ਰੋਮਣੀ ਕੀਰਤਨੀਏ, ਗੁਰਮਤਿ ਸੰਗੀਤ ਦੇ ਵਿਦਵਾਨ ਡਾ. ਗੁਰਨਾਮ ਸਿੰਘ ਦਾ ਹੈ।

ਡਾ. ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ ਵਿੱਚ ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਦੇ ਪ੍ਰੋਫ਼ੈਸਰ ਹੈੱਡ ਅਤੇ ਯੂਨੀਵਰਸਿਟੀ ਦੇ ਵੱਖ-ਵੱਖ ਅਹੁਦਿਆਂ ਤੇ ਬਿਰਾਜਮਾਨ ਰਹੇ। ਡੀਨ ਅਕਾਦਮਿਕ ਵਜੋਂ ਰਿਟਾਇਰ ਹੋਏ ਡਾ. ਗੁਰਨਾਮ ਸਿੰਘ ਨੂੰ ਆਪਣੇ ਸ਼੍ਰੋਮਣੀ ਕੀਰਤਨੀਆਂ ਦੇ ਪਰਿਵਾਰ (ਪਿਤਾ ਭਾਈ ਉੱਤਮ ਸਿੰਘ ਅਤੇ ਭਰਾਤਾ ਸ਼੍ਰੋਮਣੀ ਕੀਰਤਨੀਏ ਡਾ. ਜਾਗੀਰ ਸਿੰਘ, ਡਾ. ਬਚਿੱਤਰ ਸਿੰਘ) ਤੋਂ ਇਲਾਵਾ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ, ਸੰਤ ਬਾਬਾ ਸੁੱਚਾ ਸਿੰਘ, ਜਸਬੀਰ ਕੌਰ ਖਾਲਸਾ, ਪ੍ਰਿੰਸੀਪਲ ਸਤਿਬੀਰ ਸਿੰਘ, ਉਨ੍ਹਾਂ ਦੀ ਧਰਮ ਸੁਪਤਨੀ ਡਾ. ਅੰਮ੍ਰਿਤਪਾਲ ਕੌਰ ਅਤੇ ਕਈ ਹੋਰ ਸ਼ਖ਼ਸੀਅਤਾਂ ਦਾ ਸਹਿਯੋਗ ਪ੍ਰਾਪਤ ਸੀ ।

2020 ਤੋਂ ਡਾ. ਗੁਰਨਾਮ ਸਿੰਘ ਦੁਆਰਾ ਯੂ.ਐਸ.ਏ. ਅਤੇ ਹੋਰ ਦੇਸ਼ਾਂ ਵਿੱਚ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਦਾ ਕਾਰਜ ਆਰੰਭਿਆ ਗਿਆ ਭਾਵੇਂ ਇਸ ਤੋਂ ਪਹਿਲਾਂ ਵੀ ਕਈ ਵਿਅਕਤੀਗਤ ਤੌਰ 'ਤੇ ਵੱਖ-ਵੱਖ ਦੇਸ਼ਾਂ ਵਿੱਚ ਕਈ ਯਤਨ ਹੋ ਰਹੇ ਸਨ। ਯੂ.ਐਸ. ਦੀ ਧਰਤੀ ਉੱਤੇ ਟੈਕਸਾਸ, ਨਿਊਜਰਸੀ, ਕੈਲੀਫੋਰਨੀਆਂ, ਕੈਨੇਡਾ ਵਿਖੇ ਰਾਗ ਦਰਬਾਰਾਂ ਦੀ ਇੱਕ ਵਿਸ਼ੇਸ਼ ਲੜੀ ਆਰੰਭ ਕੀਤੀ ਗਈ ਜਿਸ ਵਿੱਚ 2015 ਵਿੱਚ ਡਾ. ਗੁਰਨਾਮ ਸਿੰਘ ਅਤੇ ਪਦਮ ਸ੍ਰੀ ਭਾਈ ਨਿਰਮਲ ਸਿੰਘ ਨੇ ਹਿਉਸਟਨ ਵਿਖੇ ਵਿਸ਼ੇਸ਼ ਗੁਰਮਤਿ ਸੰਗੀਤ ਰਾਗ ਦਰਬਾਰ ਕੀਤਾ। ਇਸ ਵਿੱਚ ਸੀ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਨ ਦੀ

ਪਰੰਪਰਾ ਅਤੇ ਗੁਰਮਤਿ ਸੰਗੀਤ ਦੀ ਵਿਸ਼ੇਸ਼ ਸਬਦ ਕੀਰਤਨ ਸ਼ੈਲੀ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ। ਇਸ ਉਪਰੰਤ ਨਿਊ ਜਰਸੀ ਵਿਖੇ 2016 ਨੂੰ ਭਾਈ ਕਰਮਜੀਤ ਸਿੰਘ ਸ਼ਾਂਤ ਨੂੰ ਰਾਗ ਰਤਨ ਗੁਰਮਤਿ ਸੰਗੀਤ ਦਰਬਾਰ ਕਰਨ ਲਈ ਪ੍ਰੇਰਿਆ। ਫਿਰ ਗੁਰਦੁਆਰਾ ਸੈਨਹੋਜੇ ਵੱਲੋਂ 31 ਰਾਗ ਦਰਬਾਰ ਆਰੰਭ ਹੋਇਆ। ਉਸ ਤੋਂ ਬਾਅਦ ਫਿਰ ਨਿਰੰਤਰ ਵੱਖ-ਵੱਖ ਥਾਵਾਂ ਉੱਤੇ ਰਾਗ ਦਰਬਾਰਾਂ ਦਾ ਸਿਲਸਿਲਾ ਆਰੰਭ ਹੋਇਆ। ਨਵਪ੍ਰੀਤ ਕੌਰ ਦੁਆਰਾ 2022 ਵਿੱਚ ਸਿੱਖ ਬੀਬੀਆਂ ਦੁਆਰਾ ਗਾਵਨੀ ਦੇ ਨਾਮ ਹੇਠ ਵਿਸ਼ੇਸ਼ ਕੀਰਤਨ ਦਰਬਾਰ ਆਰੰਭ ਹੋਇਆ ਅਤੇ ਨਿਰੰਤਰ ਹਰ ਵਰ੍ਹੇ ਜਾਰੀ ਹੈ। ਸਿੱਖ ਬੀਬੀਆਂ ਨੂੰ ਗੁਰਮਤਿ ਸੰਗੀਤ ਦੀ ਵਿਹਾਰਕ ਪਰੰਪਰਾ ਸ਼ਬਦ ਕੀਰਤਨ ਨਾਲ ਜੋੜਨਾ ਇਸ ਗਾਵਨੀ ਦਾ ਮੁੱਖ ਉਦੇਸ਼ ਹੈ। 2025 ਵਿੱਚ ਗਾਵਨੀ ਦਾ ਸਮਾਗਮ ਦਿੱਲੀ ਸਮੇਤ ਪੰਜਾਬ ਵਿੱਚ ਹੋਇਆ ਜਿਸ ਨਾਲ ਗਾਵਨੀ ਨੇ ਆਪਣੀ ਅੰਤਰਰਾਸ਼ਟਰੀ ਪਹੁੰਚ ਬਣਾਈ।

2024 ਵਿੱਚ ਡਾ. ਗੁਰਨਾਮ ਸਿੰਘ ਦੇ ਵਿਦਿਆਰਥੀ ਡਾ. ਗਗਨਦੀਪ ਸਿੰਘ ਵਲੋਂ ਵਿਸ਼ੇਸ਼ ਰੂਪ ਵਿੱਚ ਦਰਬਾਰ-ਏ-ਗੁਰਮਤਿ ਸੰਗੀਤ ਪ੍ਰਾਰੰਭ ਕੀਤਾ ਗਿਆ। ਇਸ ਵਰ੍ਹੇ ਇਹ ਰਾਗ ਦਰਬਾਰ 17 ਤੋਂ 19 ਜੁਲਾਈ ਨੂੰ ਸੈਕਰਾਮੈਂਟੋ ਦੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿਖੇ ਕਰਵਾਇਆ ਗਿਆ। ਇਸ ਰਾਗ ਦਰਬਾਰ ਦੀ ਵਿਸ਼ੇਸ਼ਤਾ ਇਹ ਰਹੀ ਜਿੱਥੇ ਗੁਰਮਤਿ ਸੰਗੀਤ ਨਾਲ ਨੌਜਵਾਨਾਂ ਨੂੰ ਜੋੜਿਆ ਗਿਆ ਉਥੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਕਾਰਜਸ਼ੀਲ ਵਿਦਵਾਨਾਂ ਦੇ ਯੋਗਦਾਨ ਨੂੰ ਸਤਿਕਾਰਨ ਹਿਤ ਗੁਰਮਤਿ ਸੰਗੀਤ ਮਾਤਰੰਡ ਵਰਗੇ ਵਿਸ਼ੇਸ਼ ਸਨਮਾਨ ਵੀ ਦਿੱਤਾ ਗਿਆ।

ਇਸ ਲੜੀ ਵਿੱਚ ਨਿਊ ਜਰਸੀ ਵਿੱਖੇ ਡਾ. ਮਨਪ੍ਰੀਤ ਸਿੰਘ ਵਲੋਂ ਕਰਵਾਇਆ ਜਾਂਦਾ 'ਰਾਗ ਨਾਦ ਗੁਰਮਤਿ ਸੰਗੀਤ ਕੰਪੀਟੀਸ਼ਨ' ਵੀ ਵਿਸ਼ੇਸ਼ ਹੈ ਜੋ ਕਿ ਦੋ ਹਫਤੇ ਚਲਦਾ ਹੈ। ਜਿਸ ਵਿੱਚ ਗੁਰਮਤਿ ਸੰਗੀਤ ਦੇ ਸੰਦਰਭ ਵਿੱਚ ਵਿਸ਼ੇਸ਼ ਪ੍ਰਤੀਯੋਗਿਤਾ ਕਰਵਾਈ ਜਾਂਦੀ ਹੈ ਜਿਸ ਵਿੱਚ ਸੈਂਕੜੇ ਵਿਦਿਆਰਥੀ ਭਾਗ ਲੈਂਦੇ ਹਨ।

ਇਸ ਤੋਂ ਇਲਾਵਾ ਪ੍ਰੋ. ਰਣਜੀਤ ਸਿੰਘ ਦੇ ਪ੍ਰੋਫੈਸਰ ਦਲਬੀਰ ਸਿੰਘ ਦੁਆਰਾ ਬੇ-ਏਰੀਆ ਅਤੇ ਲਾਂਸ ਏਂਜਲਸ ਵਿਖੇ ਨਿਰੰਤਰ ਰੂਪ ਵਿੱਚ ਬਸੰਤ ਦਰਬਾਰ ਤੇ ਮਲਹਾਰ ਦਰਬਾਰ ਕਰਵਾਏ ਜਾਣਾ ਵੀ ਇਸ ਦਿਸ਼ਾ ਵਿੱਚ ਸ਼ਲਾਘਾਯੋਗ ਕਦਮ ਹੈ। ਰਾਗਾਂ 'ਤੇ ਅਧਾਰਿਤ ਇਹਨਾਂ ਕੀਰਤਨ ਦਰਬਾਰਾਂ ਦੁਆਰਾ ਕੀਰਤਨੀਆਂ ਅਤੇ ਸਿਖਿਆਰਥੀਆਂ ਨੂੰ ਬਹੁਤ ਉਤਸ਼ਾਹ ਮਿਲਿਆ ਅਤੇ ਸੰਗਤਾਂ ਨੂੰ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨ ਦੀ ਸ਼ੈਲੀ ਦਾ ਆਨੰਦ ਮਾਣ ਤੇ ਸਰਪ੍ਰਸਤੀ ਪ੍ਰਦਾਨ ਕਰਨ ਦਾ ਮੌਕਾ ਵੀ ਪ੍ਰਾਪਤ ਹੋਇਆ। ਡਾ. ਗੁਰਨਾਮ ਸਿੰਘ ਦੇ ਪੀਐੱਚ.ਡੀ. ਦੇ ਖੋਜਾਰਥੀ ਅਤੇ ਇਸ ਖੇਤਰ ਵਿੱਚ ਪਿਛਲੇ 17 ਸਾਲਾਂ ਤੋਂ ਕਾਰਜਸ਼ੀਲ ਬੇ-ਏਰੀਆ ਦੇ ਗੁਰਮਤਿ ਸੰਗੀਤ ਅਧਿਆਪਕ ਡਾ. ਲੀਨਾ ਸਿੰਘ ਨੇ ਸਿੱਖ ਸਿੰਫਨੀ ਦੁਆਰਾ ਜਿੱਥੇ ਉਥੋਂ ਦੀਆਂ ਕਾਂਸਰਟ ਵਿੱਚ ਵਿਦਿਆਰਥੀਆਂ ਨੂੰ ਤੰਤੀ ਸਾਜ਼ਾਂ ਦੀਆਂ ਪਰਫੋਰਮੈਂਸਸ ਕਰਵਾਈਆਂ ਉਥੇ ਨਾਲ ਹੀ ਡਾ. ਗੁਰਨਾਮ ਸਿੰਘ ਨਾਲ ਮਿਲ ਕੇ ਰਾਗ ਨਾਦ ਜਰਨੀ ਪੁਸਤਕ ਲਿਖੀ ਜਿਸ ਵਿੱਚ 31 ਰਾਗਾਂ ਦੀ ਇੱਕ ਵਿਲੱਖਣ ਕੰਪੋਜ਼ੀਸ਼ਨ ਵੀ ਬਣਾਈ।

ਡਾ. ਗੁਰਨਾਮ ਸਿੰਘ ਜੀ ਅਤੇ ਇਨ੍ਹਾਂ ਦੀ ਸੁਪੱਤਨੀ ਡਾ. ਅੰਮ੍ਰਿਤਪਾਲ ਕੌਰ (ਸਾਬਕਾ ਡੀਨ ਅਕਾਦਮਿਕ) ਜੋ ਉਸ ਸਮੇਂ ਡਾਇਰੈਕਟਰ ਗੁਰਮਤਿ ਸੰਗੀਤ ਆਨ ਲਾਇਨ ਸਟੱਡੀ ਸੈਂਟਰ ਸਨ, ਨੇ ਅਕਾਦਮਿਕ ਸਥਾਪਤੀ ਕਰਦਿਆਂ ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਦੁਆਰਾ ਛੇ ਆਨਲਾਈਨ ਸਟੱਡੀ ਸੈਂਟਰ ਸਥਾਪਿਤ ਕੀਤੇ। ਇਨ੍ਹਾਂ ਵਿੱਚ ਗੁਰਮੁਖੀ, ਗੁਰਮਤਿ ਸਟੱਡੀ ਅਤੇ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਰਹੀ ਪਰ ਸਰਕਾਰੀ ਨਾ-ਮਨਜ਼ੂਰੀ ਕਾਰਨ ਯੂਨੀਵਰਸਿਟੀ ਨੂੰ ਇਹ ਸੈਂਟਰ ਬੰਦ ਕਰਨੇ ਪਏ। ਫਿਰ ਵੀ ਨਾੱਰਥ ਅਮਰੀਕਾ ਦੇ ਖਾਲਸਾ ਸਕੂਲਾਂ ਵਿੱਚ ਗੁਰਮਤਿ ਸੰਗੀਤ ਨੂੰ ਪਾਠਕ੍ਰਮ ਵਜੋਂ ਲਾਗੂ ਕਰਨ ਦੀ ਮੰਗ ਲਗਾਤਾਰ ਉੱਠਦੀ ਰਹੀ। ਉਕਤ ਯਤਨਾਂ ਤੋਂ ਇਲਾਵਾ ਗੁਰਮਤਿ ਸੰਗੀਤ ਦੀ ਪ੍ਰਮਾਣਿਕ ਸ਼ੈਲੀ ਵਿੱਚ ਸਾਰੇ ਨਾੱਰਥ ਅਮਰੀਕਾ ਦੇ ਗੁਰਦੁਆਰਾ ਸਾਹਿਬ ਨਾਲ ਸਥਾਪਿਤ ਖਾਲਸਾ ਸਕੂਲਾਂ ਵਿੱਚ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਪ੍ਰਬੰਧ ਕਰਨ ਵਿੱਚ ਵੀ ਡਾ. ਗੁਰਨਾਮ ਸਿੰਘ ਦੀ ਅਹਿਮ ਭੂਮਿਕਾ ਰਹੀ। ਜਿਨਾਂ ਨੇ ਐਲੀਮੈਂਟਰੀ ਤੋਂ ਲੈ ਕੇ ਉਸ ਦੇ ਪਾਠਕ੍ਰਮ ਤਿਆਰ ਕੀਤੇ। ਇਸ ਨੂੰ ਟਰਾਈ ਵੈਲੀ ਸਿੱਖ ਸੈਂਟਰ ਗੁਰਦੁਆਰਾ ਲਿਵਰਮੋਰ ਤੇ ਖਾਲਸਾ ਸਕੂਲ ਨੇ ਵਿਸ਼ੇਸ਼ ਤੌਰ ਤੇ ਪੂਰਾ ਕਰਦਿਆਂ ਲੈਵਲ ਵਨ ਤੋਂ ਲੈਵਲ ਸੈਵਨ ਤੱਕ ਦਾ ਵਿਸ਼ੇਸ਼ ਪਾਠਕ੍ਰਮ ਤਿਆਰ ਕਰਵਾਇਆ ਅਤੇ ਉਸ ਦੀਆਂ

ਪੁਸਤਕਾਂ ਨੂੰ ਸਿੱਖਿਆ ਸੰਸਥਾ ਯੂ.ਐੱਸ.ਏ. ਵਲੋਂ ਪ੍ਰਕਾਸ਼ਿਤ ਕੀਤਾ। ਗੁਰਮਤਿ ਸੰਗੀਤ ਦੀ ਅਜਿਹੀ ਸੀਰੀਜ਼ ਤਿਆਰ ਕੀਤੀ ਗਈ ਕਿ ਜਿਹੜੀ ਕੀ ਹਰ ਉਮਰ ਦੇ ਸਿਖਿਆਰਥੀ ਦਾ ਮਾਗਰ ਦਰਸ਼ਨ ਕਰੇਗੀ। ਇਹ ਪੁਸਤਕਾਂ ਹੁਣ ਤਕ ਦੋ ਵਾਰੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਦੇ ਸੰਦਰਭ ਵਿੱਚ ਇਸ ਦੀ ਸਿੱਖਿਆ ਪ੍ਰਣਾਲੀ ਨੂੰ ਹੋਰ ਮਜਬੂਤ ਕਰਨ ਲਈ ਸਿੱਖ ਨੈਟ (Sikhnet) ਸੰਸਥਾ ਨੇ ਇੱਕ ਬਹੁਤ ਅਹਿਮ ਕਦਮ ਕੀਤਾ। ਡਾ. ਗੁਰਨਾਮ ਸਿੰਘ ਦੀ ਗੁਰਮਤਿ ਸੰਗੀਤ ਸੀਰੀਜ਼ ਜੋ ਪੁਸਤਕ ਤਿਆਰ ਕੀਤੀ ਗਈ ਸੀ ਸਿੱਖ ਨੈੱਟ ਵਲੋਂ ਉਸ ਦੀ ਆਡਿਓ ਰਿਕਾਰਡਿੰਗ ਕਰਵਾਈ ਜਾ ਰਹੀ ਹੈ ਜਿਸ ਵਿੱਚ ਵਿੱਚ ਡਾ. ਲੀਨਾ ਸਿੰਘ, ਡਾ. ਗੁਰਦੇਵ ਸਿੰਘ ਦੇ ਸਹਿਯੋਗ ਨਾਲ ਉਸਤਾਦ ਅਲੀ ਅਕਬਰ, ਡਾ. ਕੋਮਲ ਚੁੱਘ ਨੇ ਗਾਇਨ ਕੀਤਾ ਹੈ। ਇਸ ਗੁਰਮਤਿ ਸੰਗੀਤ ਸੀਰੀਜ਼ ਦੇ ਤਿੰਨ ਲੈਵਲ ਰਿਕਾਰਡ ਹੋ ਕੇ ਸਿੱਖ ਨੈੱਟ ਲਰਨਿੰਗ ਸੈਂਟਰ 'ਤੇ ਕੋਰਸ ਰੂਪ https://learn.sikhnet.com/l/pdp / gurmat-sangeet-by-dr-leena-singh ਵਿੱਚ ਪਾਏ ਗਏ ਅਤੇ ਕੋਰਸ ਸ਼ੁਰੂ ਹੋ ਗਏ ਹਨ ਜਿੱਥੇ ਡਾ. ਲੀਨਾ ਸਿੰਘ ਵੀਕਲੀ ਇੰਸਟ੍ਰਕਸ਼ਨ ਪ੍ਰਦਾਨ ਕਰ ਰਹੇ ਹਨ।

ਗੁਰਮਤਿ ਸੰਗੀਤ ਦੇ ਸਮਕਾਲੀ ਪ੍ਰਚਾਰ ਦੀ ਨਾਰਥ ਅਮਰੀਕਾ ਦੇ ਸੰਦਰਭ ਵਿੱਚ ਇਹ ਇੱਕ ਸੰਖੇਪ ਝਲਕ ਹੈ। ਇਸ ਤੋਂ ਬਿਨਾਂ ਕਨੇਡਾ, ਯੂਕੇ, ਆਸਟਰੇਲੀਆ, ਨਿਊਜ਼ੀਲੈਂਡ, ਸਿੰਘਾਪੁਰ, ਮਲੇਸ਼ੀਆ ਆਦਿ ਦੇਸ਼ਾਂ ਵਿੱਚ ਵੀ ਡਾ. ਗੁਰਨਾਮ ਸਿੰਘ, ਉਹਨਾਂ ਦੇ ਵਿਦਿਆਰਥੀ, ਸਹਿਯੋਗ ਅਤੇ ਸਰਪ੍ਰਸਤਾਂ ਦੁਆਰਾ ਸਮੇਂ-ਸਮੇਂ ਨਿਰੰਤਰ ਕਾਰਜ ਕੀਤਾ ਜਾ ਰਿਹਾ ਹੈ ਜਿਸ ਬਾਰੇ ਆਉਣ ਵਾਲੇ ਸਮੇਂ ਅਸੀਂ ਸਾਂਝ ਪਾਉਣ ਦੀ ਖੁਸ਼ੀ ਲੈਂਦੇ ਰਹਾਂਗੇ।

**ਮੈਗਜ਼ੀਨ ਮਿਲਣ ਤੇ ਜ਼ਰੂਰ ਸੂਚਿਤ ਕਰੋ ਜੀ:**
**ਸੰਪਾਦਕ - 9855640630**

# ਗੁਰਮਤਿ ਸੰਗੀਤ ਵਿਚ ਰਾਗ ਦੇਵਗੰਧਾਰੀ ਤੇ ਦੇਵਗੰਧਾਰ

ਡਾ. ਗੁਰਨਾਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੇਵਗੰਧਾਰੀ ਰਾਗ ਨੂੰ ਰਾਗਾਤਮਕ ਕ੍ਰਮ ਵਿਚ ਛੇਵੇਂ ਸਥਾਨ ਤੇ ਪੰਨਾ ੫ ਤੇ ਅੰਕਿਤ ਹੈ। ਇਸ ਰਾਗ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਰੂਪ ਵਿਚ ਕੀਤੀ ਗਈ ਹੈ ਜਿਸ ਦੇ ਅੰਤਰਗਤ ਕੇਵਲ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ। ਦੇਵਗੰਧਾਰੀ ਰਾਗ ਵਿਚ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੇ ਚਉਪਦੇ ਬਾਣੀ ਰੂਪ ਵਿਚ ਅੰਕਿਤ ਹਨ। ਇਸ ਰਾਗ ਵਿਚ ਭਗਤਾਂ ਦੁਆਰਾ ਰਚਿਤ ਬਾਣੀ ਉਪਲਬਧ ਨਹੀਂ ਜਿਸ ਤੋਂ ਇਸ ਰਾਗ ਦੇ ਗੁਰਮਤਿ ਸੰਗੀਤ ਨਾਲ ਅੰਤਰੀਵੀ ਮੌਲਿਕ ਸਬੰਧ ਪ੍ਰਗਟ ਹੁੰਦੇ ਹਨ। ਵਿਦਵਾਨਾਂ ਨੇ ਦੇਵਗੰਧਾਰੀ ਰਾਗ ਸੰਗੀਤ ਜਗਤ ਦਾ ਪ੍ਰਾਚੀਨ ਤੇ ਅਪ੍ਰਚਲਿਤ ਰਾਗ ਮੰਨਦੇ ਹਨ ਪਰੰਤੂ ਦੇਵਗੰਧਾਰੀ ਰਾਗ ਦਾ ਪ੍ਰਚਲਨ ਗੁਰਮਤਿ ਸੰਗੀਤ ਪੱਧਤੀ ਤੋਂ ਇਲਾਵਾ ਭਾਰਤੀ ਸੰਗੀਤ ਵਿਚ ਘੱਟ ਹੀ ਮਿਲਦਾ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਸਵਰਮੇਲ ਕਲਾਨਿਧੀ ਅਤੇ ਸੰਗੀਤ ਪਾਰਿਜਾਤ ਵਿਚ ਇਸ ਰਾਗ ਦਾ ਉਲੇਖ ਪ੍ਰਾਪਤ ਹੁੰਦਾ ਹੈ। ਪੁਸਤਕ ਰਾਗ ਵਿਆਕਰਣ ਅਨੁਸਾਰ ਭਾਰਤੀ ਸੰਗੀਤ ਵਿਚ ਦੇਵਗੰਧਾਰੀ ਰਾਗ ਦੇ ਤਿੰਨ ਸਰੂਪ ਪ੍ਰਚਾਰ ਵਿਚ ਹਨ : 1. ਆਸਾਵਰੀ ਅੰਗ, 2. ਆਸਾਵਰੀ ਅਤੇ ਆਸਾ ਅੰਗ, 3. ਤੋੜੀ ਅੰਗ। ਭਾਰਤੀ ਸੰਗੀਤ ਵਿਚ ਇਸ ਰਾਗ ਦਾ ਨਾਂ ਦੇਵਗੰਧਾਰੀ ਤੋੜੀ ਵੀ ਮਿਲਦਾ ਹੈ। ਆਧੁਨਿਕ ਥਾਟ ਪੱਧਤੀ ਅਨੁਸਾਰ ਦੇਵਗੰਧਾਰੀ ਕਿਸੇ ਥਾਟ ਦੇ ਅੰਤਰਗਤ ਨਹੀਂ ਆਉਂਦਾ ਕਿਉਂਕਿ ਇਹ ਇਕ ਜਟਿਲ ਰਾਗ ਹੈ। ਥਾਟ-ਉਪ-ਥਾਟ ਪੱਧਤੀ ਅਨੁਸਾਰ ਅਸੀਂ ਇਸ ਰਾਗ ਦਾ ਵਰਗੀਕਰਨ ਆਸਾਵਰੀ ਅਤੇ ਬਿਲਾਵਲ ਥਾਟ ਵਿਚ ਕਰ ਸਕਦੇ ਹਾਂ। ਗੁਰਮਤਿ ਸੰਗੀਤ ਵਿਚ ਇਸ ਰਾਗ ਦੇ ਆਸਾਵਰੀ, ਭੈਰਵ ਤੇ ਬਿਲਾਵਲ ਥਾਟ ਵਿਚ ਪ੍ਰਕਾਰ ਉਪਲਬਧ ਹਨ। ਆਸਾਵਰੀ ਥਾਟ ਦੇ ਦੇਵਗੰਧਾਰੀ ਰਾਗ ਵਿਚ ਦੋਵੇਂ ਧੈਵਤ ਦੋਵੇਂ ਨਿਸ਼ਾਦ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਮਧਿਅਮ ਤੇ ਸੰਵਾਦੀ ਸੁਰ ਸ਼ੜਜ ਹੈ। ਇਸ ਦੇ ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ ਹਨ। ਇਸ ਰਾਗ ਦਾ ਅਵਰੋਹ ਸੰਪੂਰਨ ਹੈ। ਇਸ ਲਈ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਭੈਰਵ ਥਾਟ ਦੇ ਦੇਵਗੰਧਾਰੀ ਰਾਗ ਵਿਚ ਦੋਵੇਂ ਧੈਵਤ ਅਤੇ ਦੋਵੇਂ ਨਿਸ਼ਾਦ ਪ੍ਰਯੋਗ ਕੀਤੇ ਜਾਂਦੇ ਹਨ। ਇਸ ਰਾਗ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ। ਇਸ ਰਾਗ ਦੀ ਜਾਤੀ ਔੜਵ-ਸੰਪੂਰਨ ਅਤੇ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਦੇਵਗੰਧਾਰੀ ਨੂੰ ਬਿਲਾਵਲ ਥਾਟ ਦਾ ਸੰਪੂਰਨ ਰਾਗ ਸਵੀਕਾਰਿਆ ਹੈ ਅਤੇ ਇਸ ਦਾ ਵਾਦੀ ਸੁਰ ਸ਼ੜਜ ਅਤੇ ਸੰਵਾਦੀ ਪੰਚਮ ਸਵੀਕਾਰਿਆ ਗਿਆ ਹੈ।ਗੁਰਮਤਿ ਸੰਗੀਤ ਵਿਚ ਰਾਗ ਨਿਰਣਾਇਕ ਕਮੇਟੀ ਅਤੇ ਹੋਰ ਕਈ ਵਿਦਵਾਨਾਂ ਨੇ ਦੇਵਗੰਧਾਰੀ ਦੇ ਸਰੂਪ ਨੂੰ ਇਸ ਤਰ੍ਹਾਂ ਪ੍ਰਵਾਨ ਕੀਤਾ ਹੈ ਕਿ ਇਸ ਰਾਗ ਵਿਚ ਦੋਵੇਂ ਧੈਵਤ, ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦੇ ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ ਹਨ। ਅਵਰੋਹ ਸੰਪੂਰਨ ਹੈ ਅਤੇ ਇਸ ਵਿਚ ਗੰਧਾਰ ਦੁਰਬਲ ਲਗਾਇਆ ਜਾਂਦਾ ਹੈ। ਇਸ ਲਈ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਦਾ ਵਾਦੀ ਸੁਰ ਮਧਿਅਮ ਤੇ ਸੰਵਾਦੀ ਸੁਰ ਸ਼ੜਜ ਹੈ। ਇਹ ਰਾਗ ਦਿਨ ਦੇ ਦੂਜੇ ਪਹਿਰ ਗਾਇਆ ਤੇ ਵਜਾਇਆ ਜਾਂਦਾ ਹੈ। ਇਸ ਦੇ ਆਰੋਹ ਵਿਚ ਸਾ, ਰੇ, ਮ, ਪ, ਧ, ਸਾ, ਸੁਰ ਲੱਗਦੇ ਹਨ ਅਤੇ ਅਵਰੋਹ ਵਿਚ ਸਾ, ਨੀ, ਧ, ਪ, ਮ, ਪ, ਧ (ਕੋ ਮਲ), ਨੀ (ਕੋਮਲ), ਧ (ਕੋਮਲ) ਪ, ਮ, ਗ, ਰੇ, ਸਾ। ਦਸਮ ਗ੍ਰੰਥ ਵਿੱਚ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ਼ਬਦ ਰਚਨਾਵਾਂ ਵਾਂਗੂੰ ਦੇਵਗੰਧਾਰੀ ਵਿਚ ਵੀ ਕੁਝ ਸ਼ਬਦ ਰਚਨਾਵਾਂ ਅੰਕਿਤ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਰਗਤ ਦੇਵਗੰਧਾਰੀ ਰਾਗ ਦੀ ਬਾਣੀ ਅਧੀਨ ਹੀ ਇਕ ਦੇਵਗੰਧਾਰ ਰਾਗ ਦਾ ਪ੍ਰਯੋਗ ਵੀ ਮਿਲਦਾ ਹੈ। ਇਸ ਰਾਗ ਦੇ ਪ੍ਰਯੋਗ ਸਬੰਧੀ ਵਿਦਵਾਨਾਂ ਵਿਚ ਵਖਰੇਵਾਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਪੁਰਾਤਨ ਬੀੜਾਂ ਵਿਚ ਪੰਨਾ ੫੩੧ ਤੇ ਰਾਗ ਦੇਵਗੰਧਾਰੀ ਦੈ ਅੰਤਰਗਤ ਦੇਵਗੰਧਾਰ ਮਹਲਾ ੫ ਸਿਰਲੇਖ ਅਧੀਨ ਇਕ ਸ਼ਬਦ ਅਪੁਨੇ ਹਰਿ ਪਹਿ ਬਿਨਤੀ ਕਹੀਐ ਮਿਲਦਾ ਹੈ। ਵਰਤਮਾਨ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਿਚ ਰਾਗ ਦੇਵਗੰਧਾਰ ਦੀ ਥਾਂ ਦੇਵਗੰਧਾਰੀ ਹੀ ਅੰਕਿਤ ਹੈ। ਕੁਝ ਵਿਦਵਾਨ ਇਸ ਰਾਗ ਨੂੰ ਦੇਵਗੰਧਾਰੀ ਹੀ ਮੰਨਦੇ ਹਨ ਪਰੰਤੂ ਅਸੀਂ ਗੁਰਮਤਿ ਸੰਗੀਤ ਸੰਮੇਲਨ ਲਈ ਗਠਤਿ ਰਾਗ ਨਿਰਣਾਇਕ ਕਮੇਟੀ ਨੇ ਲੰਬੀ ਵਿਚਾਰ ਉਪਰੰਤ ਸੰਤ ਬਾਬਾ

ਸੁੱਚਾ ਸਿੰਘ, ਪ੍ਰਿੰਸੀਪਲ ਸਤਿਬੀਰ ਸਿੰਘ, ਪ੍ਰੋਫ਼ੈਸਰ ਕਰਤਾਰ ਸਿੰਘ ਅਤੇ ਲੇਖਕ ਨੇ ਇਸ ਰਾਗ ਦੇ ਗਾਇਨ ਲਈ ਸਹਿਮਤੀ ਦਿੰਦਿਆਂ ਇਸ ਰਾਗ ਨੂੰ ਗੁਰਮਤਿ ਸੰਗੀਤ ਪੱਧਤੀ ਦੇ ਇਕ ਰਾਗ ਵਜੋਂ ਮਾਨਤਾ ਦਿੱਤੀ ਜਿਸ ਦਾ ਗਾਇਨ ਵਿਸ਼ੇਸ਼ ਰੂਪ ਵਿਚ ਕਰਵਾਇਆ ਗਿਆ। ਭਾਰਤੀ ਸੰਗੀਤ ਵਿਚ ਇਹ ਰਾਗ ਨੂੰ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਅਧੀਨ ਰਖਿਆ ਗਿਆ ਹੈ। ਪ੍ਰਾਚੀਨ ਗ੍ਰੰਥਾਂ ਵਿਚ ਵੀ ਇਸ ਰਾਗ ਦਾ ਉਲੇਖ ਮਿਲਦਾ ਹੈ। ਦੇਵਗੰਧਾਰ ਰਾਗ ਦੇ ਨਾਦਾਤਮਕ ਸਰੂਪ ਚਾਰ ਪ੍ਰਕਾਰ ਦੇ ਮਿਲਦੇ ਹਨ, ਜਿਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ। ਦੇਵਗੰਧਾਰ ਰਾਗ ਦੇ ਆਸਾਵਰੀ ਥਾਟ ਅਧੀਨ ਤਿੰਨ ਸਰੂਪ ਮਿਲਦੇ ਹਨ, ਜਿਨ੍ਹਾਂ ਵਿਚੋਂ ਪਹਿਲੇ ਪ੍ਰਕਾਰ ਵਿਚ ਵਿਦਵਾਨਾਂ ਨੇ ਇਸ ਦੀ ਜਾਤੀ ਸੰਪੂਰਨ ਮੰਨੀ ਹੈ, ਇਸ ਵਿਚ ਵਾਦੀ ਧੈਵਤ, ਸੰਵਾਦੀ ਗੰਧਾਰ ਸੁਰ ਮੰਨਿਆ ਹੈ। ਇਸ ਵਿਚ ਧੈਵਤ, ਨਿਸ਼ਾਦ ਕੋਮਲ ਅਤੇ ਦੋਵੇਂ ਗੰਧਾਰ ਵਰਤੇ ਜਾਂਦੇ ਹਨ। ਕੁਝ ਵਿਦਵਾਨ ਇਸੇ ਪ੍ਰਕਾਰ ਵਿਚ ਹੀ ਆਰੋਹ ਵਿਚ ਗੰਧਾਰ ਵਰਜਿਤ ਕਰਕੇ ਇਸ ਦੀ ਜਾਤੀ ਸ਼ਾੜਵ-ਸੰਪੂਰਨ ਮੰਨਦੇ ਹਨ। ਦੇਵਗੰਧਾਰ ਦੇ ਆਸਾਵਰੀ ਥਾਟ ਅਧੀਨ ਹੀ ਕੁਝ ਵਿਦਵਾਨ ਇਸ ਦੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਮੰਨਦੇ ਹਨ। ਵਾਦੀ-ਸੰਵਾਦੀ ਗੰਧਾਰ-ਧੈਵਤ ਨੂੰ ਹੀ ਮੰਨਿਆ ਗਿਆ ਹੈ। ਇਸ ਵਿਚ ਗੰਧਾਰ, ਨਿਸ਼ਾਦ ਅਤੇ ਧੈਵਤ ਕੋਮਲ ਵਰਤੇ ਗਏ ਹਨ ਅਤੇ ਗਾਇਨ ਸਮਾਂ ਦਿਨ ਦਾ ਦੂਸਰਾ ਪਹਿਰ ਮੰਨਿਆ ਗਿਆ ਹੈ। ਦੇਵਗੰਧਾਰ ਰਾਗ ਦਾ ਚੌਥਾ ਸਰੂਪ ਬਿਲਾਵਲ ਥਾਟ ਅਧੀਨ ਮਿਲਦਾ ਹੈ। ਇਸ ਰਾਗ ਦੀ ਜਾਤੀ ਔੜਵ-ਸੰਪੂਰਨ ਮੰਨੀ ਗਈ ਹੈ। ਇਸ ਰਾਗ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਸਵੇਰ ਦਾ ਮੰਨਿਆ ਜਾਂਦਾ ਹੈ। ਇਸ ਰਾਗ ਦਾ ਵਿਸਥਾਰ ਦਾ ਸਥਾਨ ਮੱਧ ਅਤੇ ਤਾਰ ਸਪਤਕ ਮੰਨਿਆ ਗਿਆ ਹੈ। ਗੁਰਮਤਿ ਸੰਗੀਤ ਦੀ ਰਾਗ ਨਿਰਣਾਇਕ ਕਮੇਟੀ ਅਤੇ ਹੋਰ ਗੁਰਮਤਿ ਸੰਗੀਤ ਵਿਦਵਾਨਾਂ ਨੇ ਰਾਗ ਦੇਵਗੰਧਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਅਧੀਨ ਸੁਤੰਤਰ ਰਾਗ ਸਵੀਕਾਰਿਆ ਹੈ। ਇਸ ਰਾਗ ਨੂੰ ਆਸਾਵਰੀ ਥਾਟ ਅਧੀਨ ਇਸ ਦੇ ਆਰੋਹ ਵਿਚ ਗੰਧਾਰ ਵਰਜਿਤ ਕਰਕੇ ਸ਼ਾੜਵ-ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਦੂਸਰਾ ਪਹਿਰ ਅਤੇ ਵਾਦੀ-ਸੰਵਾਦੀ ਗੰਧਾਰ-ਧੈਵਤ ਨੂੰ ਹੀ ਪ੍ਰਵਾਨ ਕੀਤਾ ਹੈ। ਇਸ ਵਿਚ ਧੈਵਤ, ਨਿਸ਼ਾਦ ਕੋਮਲ ਅਤੇ ਦੋਵੇਂ ਨਿਸ਼ਾਦ ਵਰਤੇ ਗਏ ਹਨ। ਇਸ ਰਾਗ ਆਰੋਹ ਵਿਚ ਸ, ਰੇ ਮ ਪ ਧ (ਕੋਮਲ) ਮ, ਪ ਧ (ਕੋਮਲ) ਨੀ (ਕੋਮਲ) ਸਂ ਤੇ ਅਵਰੋਹ ਵਿਚ ਸਂ ਨੀ (ਕੋਮਲ) ਧ (ਕੋਮਲ) ਪ, ਮ ਮਗ (ਮ ਸੁਰ ਦੇ ਕਣਯੁਕਤ ਗ ਕੋਮਲ) ਰੇ ਸ, ਰੇ ਨੀ (ਕੋਮਲ) ਸ ਰੇ ਗ ਗ ਮ ਪ ਮਗ (ਮ ਸੁਰ ਦੇ ਕਣਯੁਕਤ ਗ ਕੋਮਲ) ਰੇ ਸ। ਚਿੱਤਰਕਾਰ ਸ੍ਰੀ ਬੋਧਰਾਜ ਵੱਲੋਂ 1992 ਵਿਚ ਰਾਗ ਦੇਵਗੰਧਾਰੀ ਦਾ ਇਕ ਖੂਬਸੂਰਤ ਪੇਟਿੰਗ ਆਪਣੀ ਕਲਪਨਾ ਅਨੁਸਾਰ ਤਿਆਰ ਕੀਤੀ ਗਈ ਹੈ ਜਿਸ ਵਿਚ ਉਨ੍ਹਾਂ ਹਰਿਮੰਦਰ ਸਾਹਿਬ ਦੇ ਪਰਿਪੇਖ ਵਿਚ ਦੇਗਵੰਧਾਰੀ ਰਾਗ ਨੂੰ ਚਿਤਰਿਆ ਹੈ। ਰਾਗ ਦੇਵਗੰਧਾਰੀ ਦਾ ਗਾਇਨ ਗੁਰਮਤਿ ਸੰਗੀਤ ਦੇ ਕੀਰਤਨਾਰਾਂ ਵਲੋਂ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ ਜਿਨ੍ਹਾਂ ਵਿਚੋਂ ਭਾਈ ਬਖਸ਼ੀਸ਼ ਸਿੰਘ, ਭਾਈ ਦਿਲਬਾਗ ਸਿੰਘ ਗੁਲਾਬ ਸਿੰਘ, ਭਾਈ ਬਲਬੀਰ ਸਿੰਘ, ਪ੍ਰੋਫ਼ੈਸਰ ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਪ੍ਰੋਫ਼ੈਸਰ ਸੁਰਿੰਦਰ ਸਿੰਘ, ਭਾਈ ਗੁਰਦੇਵ ਸਿੰਘ, ਭਾਈ ਗੁਰਮੀਤ ਸਿੰਘ, ਪ੍ਰੋਫ਼ੈਸਰ ਕੁਲਵੰਤ ਸਿੰਘ ਚੰਦਨ, ਪ੍ਰੋਫ਼ੈਸਰ ਪਰਮਜੋਤ ਸਿੰਘ ਆਦਿ ਪ੍ਰਮੁੱਖ ਹਨ। ਇਨ੍ਹਾਂ ਕੀਰਤਨਕਾਰਾਂ ਦੀ ਆਵਾਜ਼ ਵਿਚ ਇਸ ਰਾਗ ਦਾ ਗਾਇਨ, www.vismaadnaad.org., www.youtube.com, www.jawadditaksal.org ਵੈੱਬਸਾਈਟਸ ਤੋਂ ਵੀ ਸੁਣਿਆ ਜਾ ਸਕਦਾ ਹੈ।

ਡੀਨ ਅਕਾਦਮਿਕ, ਮੁਖੀ, ਪ੍ਰੋਫ਼ੈਸਰ (ਰਿਟਾ.)
ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਮਹਾਨ ਤਬਲਾ ਮਾਸਟਰ ਭਾਈ ਸਾਧੂ ਸਿੰਘ ਜੀ (ਪੰਜਾਬ ਘਰਾਣਾ)

**ਇਕਵਾਕ ਸਿੰਘ ਪੱਟੀ**

ਵਾਕਿਆ ਹੈ ਕਿ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੀ ਵਰੋਸਾਈ ਨਗਰੀ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗੁਰਦੁਆਰਾ ਮੰਜੀ ਸਾਹਿਬ ਹਾਲ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸ਼ਹਿਰ ਦੇ ਬਾਨੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਪੰਥ ਪ੍ਰਸਿੱਧ ਕੀਰਤਨੀਏ ਅਤੇ ਹਜ਼ੂਰੀ ਰਾਗੀ ਧੰਨ ਧੰਨ ਰਾਮਦਾਸ ਗੁਰ ਜਿਨਿ ਸਿਰਿਆ ਤਿਨ ਸਵਾਰਿਆ ਆਦਿ ਗੁਰਬਾਣੀ ਸ਼ਬਦਾਂ ਦੀ ਗੂੰਜ ਨਾਲ ਸਮੂਹ ਹਾਜ਼ਰ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਇਸੇ ਦੌਰਾਨ ਇੱਕ ਕੀਰਤਨੀ ਜੱਥੇ ਦੀ ਸਮਾਂ ਸਮਾਪਤੀ ਤੋਂ ਬਾਅਦ ਆਮ ਮਰਯਾਦਾ ਜਾਂ ਕੀਰਤਨ ਦਰਬਾਰਾਂ ਆਦਿ ਦੀ ਪ੍ਰਚੱਲਿਤ ਰਿਵਾਇਤ ਤੋਂ ਹੱਟ ਕੇ ਇੱਕ ਭਾਈ ਬਿਨ੍ਹਾਂ ਕਿਸੇ ਜੱਥੇ ਜਾਂ ਸਾਥੀਆਂ ਤੋਂ ਸਿਰਫ਼ ਜੋੜੀ (ਤਬਲਾ) ਚੁੱਕੀ ਦੂਸਰੇ ਪਾਸੇ ਮੰਚ ਉੱਤੇ ਪਹਿਲਾਂ ਹੀ ਬਿਰਾਜਮਾਨ ਹੈ। ਇਹ ਤਕਦਿਆਂ ਹੀ ਹਾਜ਼ਰ ਸੰਗਤਾਂ ਇੱਕ ਅਨੂਠੇ ਸਰੂਰ ਵਿੱਚ ਆ ਜਾਂਦੀਆਂ ਹਨ। ਇਹ ਭਾਈ ਪਹਿਲਾਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਮੂੰਹ ਕਰੀ, ਦੋਵੇਂ ਕਰ ਜੋੜਦਾ ਹੈ ਅਤੇ ਨਮਸਕਾਰ ਕਰਦਾ ਹੈ ਅਤੇ ਫਿਰ ਇਵੇਂ ਹੀ ਨਾਨਕ ਨਾਮ ਲੇਵਾ ਸੰਗਤਾਂ ਵੱਲ ਨਿਮਰਤਾ ਦੀ ਮੂਰਤ ਬਣਿਆ ਦੋਏ ਕਰ ਜੋੜ ਨਮਸਕਾਰ ਕਰਦਾ ਹੈ। ਫਿਰ ਆਪਣੀ ਡੁੱਗੀ ਅਤੇ ਧਾਮੇ ਨੂੰ ਦੋਵੇਂ ਹੱਥਾਂ ਦੀ ਛੋਹ ਦੇ ਕੇ, ਹੱਥਾਂ ਨੂੰ ਮੱਥੇ ਤੇ ਲਗਾ, ਜੋੜੀ ਨੂੰ ਨਮਸਕਾਰ ਕਰਦਾ ਹੈ। ਫਿਰ ਚੱਠੂ ਦੀ ਓਂਸ ਨੂੰ ਜਾਂਚਦਾ ਹੈ, ਫਿਰ ਹਥੌੜੀ ਨਾਲ ਹਲਕੀ ਫੁਲਕੀ ਠੱਕ ਠੱਕ ਕਰਦਿਆਂ ਖੁੱਲ੍ਹਾ ਹੱਥ ਚੱਠੂ ਉੱਤੇ ਮਾਰਦਾ ਹੈ ਕਿ ਸੰਗਤ ਵਿੱਚੋਂ ਜੈਕਾਰੇ ਦੀ ਅਵਾਜ਼ ਆਉਂਦੀ ਹੈ। ਇਹ ਸ਼ਾਇਦ ਇੱਕ ਤਰ੍ਹਾਂ ਦੀ ਪ੍ਰਵਾਨਗੀ ਹੈ ਜਾਂ ਸੰਗਤ ਦਾ ਹੁਕਮ ਹੈ ਕਿ ਵਾਦਨ ਅਰੰਭ ਕੀਤਾ ਜਾਵੇ। ਬੱਸ ਫਿਰ ਕੀ ਤਬਲੇ ਦੇ ਸੁਤੰਤਰ ਵਾਦਨ ਅਰੰਭ ਹੁੰਦਾ ਹੈ ਅਤੇ ਹਰ ਪੇਸ਼ਕਾਰੀ ਤੇ ਸੰਗਤ ਵਾਹ੍ਵਾਹ ਦੀ ਥਾਂ ਜੈਕਾਰਿਆਂ ਨਾਲ ਮਾਹੌਲ ਨੂੰ ਹੋਰ ਸੰਗੀਤਮਈ ਅਤੇ ਜੋਸ਼ੀਲਾ ਬਣਾ ਦਿੰਦੀ ਹੈ। ਪਾਠਕਾਂ ਨੂੰ ਇਹ ਤਾਂ ਦਸਿਆ ਨਹੀਂ ਕਿ ਉਹ ਭਾਈ ਕੌਣ ਸੀ ਉਹ ਸਨ ਪ੍ਰਸਿੱਧ ਤਬਲਾ ਵਾਦਕ ਸਾਧੂ ਸਿੰਘ ਜੀ, ਜਿੰਨਾਂ ਤੋਂ ਪਹਿਲਾਂ ਵੀ ਕਦੇ ਗੁਰੂ ਦਰਬਾਰ ਵਿੱਚ ਤਬਲੇ ਦਾ ਸੁਤੰਤਰ ਵਾਦਨ ਨਹੀਂ ਸੀ ਹੋਇਆ ਅਤੇ ਉਹਨਾਂ ਦੇ ਦੇਹਾਂਤ ਤੋਂ ਬਾਅਦ ਵੀ ਕੋਈ ਉਹ ਥਾਂ ਨਹੀਂ ਲੈ ਸਕਿਆ ਹੈ। ਆਪ ਜੀ ਦੇ ਬਾਰੇ ਭਾਵੇਂ ਕਿ ਲਿਖਤ ਵਿੱਚ ਜਾਂ ਵਿਸਥਾਰ ਵਿੱਚ ਬਹੁਤਾ ਨਹੀਂ ਮਿਲਦਾ, ਪਰ ਜਿਨ੍ਹਾਂ ਨੇ ਉੱਪਰ ਦੱਸੇ ਨਜ਼ਾਰੇ ਨੂੰ ਅੱਖੀਂ ਦੇਖਿਆ ਹੈ ਉਹਨਾਂ ਦੇ ਚੇਤਿਆਂ ਵਿੱਚੋਂ ਤਬਲਾ ਵਾਦਕ ਸਾਧੂ ਸਿੰਘ ਨੂੰ ਭੁਲਾਉਣਾ ਔਖਾ ਹੈ।

ਆਪ ਜੀ ਦੇ ਪੁੱਤਰ ਪ੍ਰੋ. ਸੁਰਜੀਤ ਸਿੰਘ ਸਾਬਕਾ ਤਬਲਾ ਪ੍ਰੋਫ਼ੈਸਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਨਾਲ ਮੁਲਾਕਾਤ ਤੋਂ ਬਾਅਦ ਜੋ ਜਾਣਕਾਰੀ ਇਕੱਠੀ ਹੋ ਸਕੀ ਉਹ ਅੱਗੇ ਸਾਂਝੀ ਕਰਨ ਜਾ ਰਿਹਾ ਹਾਂ। ਭਾਵੇਂ ਕਿ 76 ਵਰ੍ਹਿਆਂ ਦੀ ਉਮਰ ਵਿੱਚ ਪਹੁੰਚੇ ਪ੍ਰੋ. ਸੁਰਜੀਤ ਸਿੰਘ ਦੇ ਚੇਤਿਆਂ ਵਿੱਚ ਵੀ ਬਹੁਤਾ ਕੁਝ ਤਾਂ ਨਹੀਂ ਹੈ ਪਰ ਜੋ ਉਹ ਦੱਸ ਸਕੇ, ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ: ਅਣਵੰਡੇ ਭਾਰਤ, ਦੇਸ ਪੰਜਾਬ ਵਿੱਚ, ਮਿੰਟਗੁਮਰੀ ਸਰਗੋਧਾ (ਹੁਣ ਪਾਕਿਸਤਾਨ) ਵਿੱਚ ਸਾਲ 1929 (ਜਨਮ ਤਰੀਕ ਪ੍ਰਾਪਤ ਨਹੀਂ ਹੋ ਸਕੀ) ਪਿਤਾ ਸ੍ਰ. ਬਿਸ਼ਨ ਸਿੰਘ ਦੇ ਘਰ ਮਾਤਾ ਈਸ਼ਰ ਕੌਰ ਈਸੋ ਦੀ ਕੁੱਖੋਂ ਬਾਲਕ ਸਾਧੂ ਦਾ ਜਨਮ ਹੋਇਆ ਸੀ।

ਪਿਤਾ ਜੀ ਦਾ ਪਰਵਾਰਕ ਪਿਛੋਕੜ ਗ਼ਰੀਬੀ ਵਾਲਾ ਸੀ। ਸ੍ਰ. ਬਿਸ਼ਨ ਸਿੰਘ ਕਿਰਤੀ ਸਿੱਖ ਸਨ। ਇਸੇ ਦੌਰਾਨ ਸਿੰਘ ਸਭਾ ਲਹਿਰ ਵੱਲੋਂ ਦਿੱਤੀਆਂ ਜਾ ਰਹੀਆਂ ਵਿਦਿਅਕ ਸੇਵਾਵਾਂ ਅਤੇ ਗੁਰਮਤਿ ਸਿਖਲਾਈ ਪ੍ਰਬੰਧ ਸਬੰਧੀ ਕੀਤੇ ਕਾਰਜਾਂ ਤੋਂ ਪ੍ਰਭਾਵਿਤ ਸ੍ਰ. ਬਿਸ਼ਨ ਸਿੰਘ ਨੇ ਆਪਣੇ ਪੁੱਤਰ ਸਾਧੂ ਸਿੰਘ ਨੂੰ ਪੜ੍ਹਨ੍ਹਲਿਖਣ ਅਤੇ ਸੰਗੀਤ ਸਿੱਖਣ ਲਈ ਲਗਾ ਦਿੱਤਾ। ਸੰਗੀਤ ਦੀ ਸਿੱਖਿਆ ਦੌਰਾਨ ਹੀ ਸਾਧੂ ਸਿੰਘ ਜੀ ਦੀ ਰੁਚੀ ਜੋੜੀ (ਤਬਲਾ) ਸਿੱਖਣ ਪ੍ਰਤੀ ਹੋਈ ਤਾਂ ਉਸਤਾਦ ਭਾਈ ਦਲੀਪ ਸਿੰਘ ਜੀ ਪਾਸੋਂ ਤਬਲਾ ਸਿੱਖਿਆ ਅਰੰਭ ਕੀਤੀ। ਆਪ ਜੀ ਨੇ ਸਖ਼ਤ ਰਿਆਜ਼ ਅਤੇ ਲਗਨ ਨਾਲ ਥੋੜ੍ਹੇ ਸਮੇਂ ਵਿੱਚ ਹੀ ਆਪਣੇ ਹੱਥਾਂ ਨੂੰ ਸੋਧ ਲਿਆ ਅਤੇ ਉਂਗਲਾਂ ਤਬਲੇ ਉੱਤੇ ਥਿਰਕਾਉਣੀਆਂ ਸ਼ੁਰੂ ਕਰ ਦਿੱਤੀਆਂ। ਆਪ ਜੀ ਦਾ ਅਨੰਦ ਕਾਰਜ ਪ੍ਰਸਿੱਧ ਕਥਾਵਾਚਕ ਗਿਆਨੀ ਬ੍ਰਹਮ ਸਿੰਘ ਦੀ ਪੁੱਤਰੀ ਬੀਬੀ ਸਤਵੰਤ ਕੌਰ ਨਾਲ ਗੁਰ ਮਰਯਾਦਾ ਅਨੁਸਾਰ ਹੋਇਆ ਸੀ । ਆਪ ਜੀ ਦੇ ਘਰ ਤਿੰਨ ਪੁੱਤਰਾਂ (ਸੁਰਜੀਤ ਸਿੰਘ, ਹਰਜੀਤ ਸਿੰਘ ਅਤੇ ਮਨਿੰਦਰਜੀਤ ਸਿੰਘ) ਅਤੇ 5 ਧੀਆਂ (ਕੰਵਲਜੀਤ ਕੌਰ, ਜਤਿੰਦਰਪਾਲ ਕੌਰ, ਪਰਵਿੰਦਰ ਕੌਰ, ਪਰਮਜੀਤ ਕੌਰ ਅਤੇ ਨਰਿੰਦਰਜੀਤ ਕੌਰ) ਨੇ ਜਨਮ ਲਿਆ। ਇਹਨਾਂ ਵਿਚੋਂ

ਸੁਰਜੀਤ ਸਿੰਘ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਬਤੌਰ ਤਬਲਾ ਉਸਤਾਦ ਵਜੋਂ 2007 ਵਿੱਚ ਸੇਵਾ ਮੁਕਤ ਹੋਏ ਅਤੇ ਬੇਟੀ ਜਤਿੰਦਰਪਾਲ ਕੌਰ ਸੰਗੀਤ ਨਾਲ ਸੰਬੰਧਿਤ ਰਹੇ। ਸੰਨ 1947 ਵਿੱਚ ਬਟਵਾਰੇ ਤੋਂ ਬਾਅਦ ਆਪ ਜੀ ਦਾ ਪਰਿਵਾਰ ਦਿੱਲੀ ਪਹੁੰਚਿਆ। ਦਿੱਲੀ ਪਹੁੰਚ ਕੇ ਵੀ ਤਬਲਾ ਵਾਦਨ ਦੀ ਸਿੱਖਿਆ ਨੂੰ ਨਿਰੰਤਰ ਜਾਰੀ ਰੱਖਣ ਹਿੱਤ ਅਤੇ ਹੋਰ ਬਰੀਕੀਆਂ ਸਮਝਣ ਲਈ ਆਪ ਜੀ ਨੇ ਉਹਨੀਂ ਦਿਨੀਂ ਅਜਰਾੜਾ ਘਰਾਣੇ ਦੇ ਪ੍ਰਸਿੱਧ ਤਬਲਾ ਉਸਤਾਦ ਹਬੀਬੁਉੱਦੀਨ ਪਾਸੋਂ ਤਬਲਾ ਸਿੱਖਿਆ ਅਰੰਭ ਕੀਤੀ ਅਤੇ ਦਿੱਲੀ ਤੋਂ ਮੇਰਠ ਤੱਕ ਸਫ਼ਰ ਕਰਦੇ ਰਹੇ। ਇਹੀ ਕਾਰਨ ਸੀ ਕਿ ਆਪ ਜੀ ਦੇ ਵਾਦਨ ਵਿੱਚ ਪੰਜਾਬ ਤੋਂ ਇਲਾਵਾ ਫ਼ਾਰੂਖ਼ਾਬਾਦ ਘਰਾਣੇ ਦੀ ਝਲਕ ਮਿਲਦੀ ਸੀ।

ਕੁਝ ਵਰ੍ਹਿਆਂ ਬਾਅਦ ਆਪ ਵਾਪਸ ਪੰਜਾਬ ਆ ਪਹੁੰਚੇ। ਇਸ ਦੌਰਾਨ ਸੰਨ 1953 ਵਿੱਚ ਜਦ ਇੱਕ ਸੰਗੀਤ ਸਮਾਗਮ ਵਿੱਚ ਆਪ ਤਬਲਾ ਵਾਦਨ ਕਰ ਰਹੇ ਸਨ ਤਾਂ ਆਪ ਜੀ ਦੀ ਪੇਸ਼ਕਾਰੀ ਤੋਂ ਪ੍ਰਭਾਵਿਤ ਹੋ ਕੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੰਤਾ ਸਿੰਘ ਜੀ ਨੇ ਸ਼੍ਰੋਮਣੀ ਕਮੇਟੀ ਨੂੰ ਸਿਫ਼ਾਰਸ਼ ਕਰਕੇ ਆਪ ਜੀ ਨੂੰ ਸ਼੍ਰੋਮਣੀ ਕਮੇਟੀ ਵਿੱਚ ਭਰਤੀ ਕਰਵਾ ਦਿੱਤਾ। ਆਪ ਜੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿੱਚ ਬਤੌਰ ਉਸਤਾਦ ਆਪਣੀਆਂ ਸੇਵਾਵਾਂ ਦਿੱਤੀਆਂ। ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਵਿਖੇ ਵੀ ਹਜ਼ੂਰੀ ਰਾਗੀ ਜੱਥੇ ਭਾਈ ਬਲਬੀਰ ਸਿੰਘ, ਭਾਈ ਬਖਸ਼ੀਸ਼ ਸਿੰਘ ਅਤੇ ਹੋਰ ਰਾਗੀ ਸਾਹਿਬਾਨਾਂ ਨਾਲ ਵੀ ਕਈ ਵਰ੍ਹੇ ਤਬਲਾ ਵਾਦਨ ਦੀਆਂ ਸੇਵਾਵਾਂ ਦਿੱਤੀਆਂ। ਅਕਾਸ਼ਬਾਣੀ ਰੇਡੀਓ ਜਲੰਧਰ ਵਿਖੇ ਵੀ ਆਪਣੀਆਂ ਕਈ ਪੇਸ਼ਕਾਰੀਆਂ ਨਾਲ ਸੰਗੀਤ ਪ੍ਰੇਮੀਆਂ ਨੂੰ ਅਨੰਦਿਤ ਕੀਤਾ।

ਆਪ ਜੀ ਨੇ ਕਈ ਵਿਦਿਆਰਥੀਆਂ ਨੂੰ ਤਬਲਾ ਤਾਲੀਮ ਵੀ ਦਿੱਤੀ। ਗੁਰੂ ਰਾਮਦਾਸ ਗੁਰਮਤਿ ਵਿਦਿਆਲਾ, ਬਿਬੇਕਸਰ ਸਾਹਿਬ ਵਿਖੇ ਵੀ ਆਪ ਤਬਲਾ ਸਿੱਖਿਆ ਦਿੰਦੇ ਰਹੇ। ਆਪ ਜੀ ਦੇ ਵਿਦਿਆਰਥੀਆਂ ਵਿੱਚੋਂ ਸੁਰਜੀਤ ਸਿੰਘ (ਪੁੱਤਰ), ਤਰਲੋਕ ਸਿੰਘ, ਪ੍ਰੀਤਮ ਸਿੰਘ ਅਤੇ ਸੁੱਚਾ ਸਿੰਘ ਨਾਮ ਪ੍ਰਮੁੱਖ ਹਨ। ਦੱਸਿਆ ਜਾਂਦਾ ਹੈ ਕਿ ਤਬਲਾ ਸਿਖਾਉਣ ਵੇਲੇ ਆਪ ਜੀ ਦਾ ਸੁਭਾਅ ਸਖ਼ਤ ਹੁੰਦਾ ਸੀ । ਗ਼ੈਰ-ਹਾਜ਼ਰ ਅਤੇ ਰਿਆਜ਼ ਨਾ ਕਰਨ ਵਾਲੇ ਵਿਦਿਆਰਥੀਆਂ ਨਾਲ ਆਪ ਸਖ਼ਤੀ ਨਾਲ ਪੇਸ਼ ਆਉਂਦੇ ਸਨ। ਭਾਵੇਂ ਕਿ ਆਮ ਤੌਰ ’ਤੇ ਨਿਮਰ ਸੁਭਾਅ ਹੋਣ ਕਾਰਨ ਆਪ ਸਭ ਨਾਲ ਪਿਆਰ ਨਾਲ ਪੇਸ਼ ਆਉਂਦੇ ਸਨ।


ਆਪ ਜੀ ਦਾ ਪਹਿਰਾਵਾ ਹਮੇਸ਼ਾ ਸਾਦਾ ਅਤੇ ਸਾਫ਼ਸੁਥਰਾ ਹੁੰਦਾ। ਅਜਿਹੇ ਮਹਾਨ ਤਬਲਾ ਵਾਦਕ ਅਕਾਲ ਪੁਰਖ ਦੇ ਅਟੱਲ ਹੁਕਮ ਅਨੁਸਾਰ ਕੇਵਲ 45 ਵਰ੍ਹਿਆਂ ਦੀ ਉਮਰ ਭੋਗ ਕੇ, ਇੱਕ ਸੰਖੇਪ ਬਿਮਾਰੀ ਤੋਂ ਬਾਅਦ ਮਿਤੀ 6 ਅਪ੍ਰੈਲ 1974 ਨੂੰ ਗੁਰੂ ਚਰਨਾਂ ਵਿੱਚ ਜਾ ਨਿਵਾਜੇ। ਸੰਗੀਤ ਪ੍ਰੇਮੀਆਂ ਅਤੇ ਤਬਲਾ ਵਾਦਨ ਦੇ ਖੇਤਰ ਨਾਲ ਜੁੜੇ ਵਿਅਕਤੀਆਂ ਵਿੱਚ ਆਪ ਜੀ ਦਾ ਨਾਮ ਹਮੇਸ਼ਾਂ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ।

ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਸਾਹਿਬ
ਮੋ. 9478767620

**ਡਾ. ਜਾਗੀਰ ਸਿੰਘ ਦੀ ਨਵੀਂ ਪੁਸਤਕ ‘ਕਰਉ ਬੇਨਤੀਆਂ’ ਪ੍ਰਾਪਤ ਕਰਨ ਲਈ ਸੰਪਰਕ ਕਰੋ- ਭੁਝੰਗੀ ਪ੍ਰਕਾਸ਼ਨ ਮੋਬਾਇਲ: 7814418894**
**ਪੁਸਤਕ ਦੀ ਡਾਕ ਖਰਚ ਸਮੇਤ ਕੀਮਤ 250/- ਰੁਪਏ ਹੈ ਪਰ ਜੇ ਕੋਈ ਸੱਜਣ ਇਹ ਕੀਮਤ ਦੇਣ ਦੇ ਅਸਮਰਥ ਹੈ ਤਾਂ ਉਸ ਨੂੰ ਅੰਮ੍ਰਿਤ ਕੀਰਤਨ ਟ੍ਰਸਟ ਵੱਲੋਂ ਪੁਸਤਕ ਮੁਫ਼ਤ ਭੇਜੀ ਜਾ ਸਕਦੀ ਹੈ ਮੋ. 9855640630**

# Bhai Balkar Singh Multani

**Dr. Amardev Singh**



Bhai Balkar Singh Multani was born on April 4th, 1955, into the household of Sardar Singh Ji and Mata Kartar Kaur Ji, in Jaid Bassi village, district Kapurthala, Punjab. He was the second child among nine siblings.

His interest in music found its roots in familial influences, particularly through his paternal uncle, Giani Charan Singh Ji, a Granthi who performed melodious Kirtan within the local village Gurdwara. Additionally, his maternal uncle, Sardar Singh Dardi, was a Shiromani Kavishar and Dhadhi, further ignited Multani Ji's passion for music.

Having completed his matriculation at Sant Prem Singh Secondary School, Multani Ji's brother-in-law helped him to secure a job as a manager in a Gurdwara in Hanumangarh, Rajasthan. He was employed at this Gurdwara for approximately one year. However, driven by his deep-seated affinity for music, he proceeded to enroll in the Sikh Missionary College at Buddhajohar in Sri Ganganagar, Rajasthan, from 1974 to 1977. Under the tutelage of Prof. Pritam Singh Zakhmi, a revered figure in the field of Sikh music and a former teacher at the Central Khalsa Orphanage in Amritsar, Multani Ji acquired comprehensive musical training.

Subsequent to earning his Bachelor of Arts in Music, Multani Ji briefly engaged in Kirtan service in Ludhiana before relocating to Nakodar, where he spent a significant period from 1980 to 1983. It was during this time that he met Bhai Jasvir Singh, who later joined his 'jatha' after learning to play the tabla from Multani Ji. Moving back to Ludhiana, Multani Ji served as a Hazoori Raagi at Gurdwara Model Town, followed by a brief stint at Gurdwara Sri Kalgidhar Sahib. His next service was at Gurdwara Sri Guru Nanak Mission in Jalandhar, where he served as Hazoori Raagi from 1991 to 1995.

Multani Ji's international tours began in 1989 with visits to Thailand and Malaysia, subsequently to Canada in 1994 and 1995. A

more extensive tour spanning England, the United States of America, and Canada followed in 1996. Over the ensuing years, he undertook multiple trips to Canada between 1997 and 1999, and then to England again in 2000, where Bhai Jasvir Singh decided to remain and establish residence.

Multani Ji also served as a Hazoori Raagi at Gurdwara Shaheed Baba Deep Singh Ji in Amritsar for many years, and occasionally performed Kirtan at Sri Harmandir Sahib as well. Regrettably, Multani Ji had to resign due to health concerns, and passed away peacefully on February 1st, 2021. He is survived by his son and two daughters. One of Multani Ji's brothers, Bhai Avtar Singh Ji, who had accompanied him on the side harmonium, continues to perform Kirtan and is carrying forward the tradition.

email: kirtansewamalaysia@gmail.com

# ਰਾਗ ਸੂਰ-ਮਲਾਰ

(ਪ੍ਰਿੰ) ਗਿਆਨੀ ਦਿਆਲ ਸਿੰਘ

| | | |
|---|---|---|
| ਵਾਦੀ—ਮ | ਠਾਟ—ਕਾਫ਼ੀ | ਸਮਾਂ—ਵਰਖਾ ਰੁੱਤ ਜਾਂ ਦੁਪਹਿਰ ਵੇਲੇ । |
| ਸੰਵਾਦੀ—ਸ | ਜਾਤੀ—ਓੜਵ-ਖਾੜਵ | ਵਿਸ਼ੇਸ਼—"ਰ ਮ—ਰ ਪ, ਰ ਮ—ਰ" ਦੀ ਸੁਰ-ਸੰਗਤੀ । |

ਮ
ਆਰੋਹ—ਸ, ਰ ਮ—ਰ ਮ ਪ, ਨ ਸਂ ।

ਅਵਰੋਹ—ਸਂ, ਨੁ ਧ ਮ, ਪਨੁ ਧ ਪ, ਮ—ਰ ਮ—ਰ ਸ ।

ਮ ਮ
ਮੁਖ-ਅੰਗ—ਸ, ਰ ਮ, ਪ ਮ, ਨੁ ਧ ਪ, ਰ ਮ—ਰ ਸ ।

ਇਹ ਕਾਫ਼ੀ ਠਾਟ ਦਾ ਰਾਗ ਹੈ । ਇਸ ਦੀ ਜਾਤੀ ਓੜਵ-ਖਾੜਵ, ਵਾਦੀ ਮੱਧਮ, ਸੰਵਾਦੀ ਖੜਜ ਅਤੇ ਗਾਉਣ ਦਾ ਸਮਾਂ ਵਰਖਾ ਰੁੱਤ ਜਾਂ ਦਿਨ ਦੇ ੧੧-੧੨ ਵਜੇ । ਇਸ ਦੇ ਆਰੋਹ ਵਿਚ ਗੰਧਾਰ ਧੈਵਤ ਦੋਵੇਂ ਅਤੇ ਅਵਰੋਹ ਵਿਚ ਕੇਵਲ ਗੰਧਾਰ ਵਰਜਿਤ ਰਹੇਗਾ । ਦੋਹਾਂ ਨਿਖਾਦਾਂ ਦਾ ਪ੍ਰਯੋਗ, ਆਰੋਹ ਵਿਚ ਤੀਵਰ ਤੇ ਅਵਰੋਹ ਵਿਚ ਕੋਮਲ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ ।

ਸੂਰ ਮਲਾਰ ਦੀ ਰਚਨਾ "ਮਲਾਰ, ਸਾਰੰਗ ਤੇ ਸੋਰਠ" ਦੇ ਸੁਮੇਲ ਤੋਂ ਹੋਈ ਹੈ । ਇਸ ਦੇ ਪੂਰਵਾਂਗ ਵਿਚ ਮਲਾਰ, ਉਤ੍ਰਾਂਗ ਵਿਚ ਸਾਰੰਗ ਤੇ ਅਵਰੋਹ ਦੇ ਮੱਧਜ ਵਿਚ ਸੋਰਠ ਦਾ ਅੰਗ ਦਿਖਾਈ
ਦਿੰਦਾ ਹੈ । ਜਿਵੇਂ :—ਸਂ, ਨੁਧਮ, ਪਨੁਧਪ, ਰਮਪਨੁਧਪ, ਮ—ਰ, ਸੋਰਠ ਅੰਗ । ਫਿਰ ਇਸੇ ਦੇ ਨਾਲ
ਮ ਮ
"ਰਮ, ਰ ਰਮ, ਰਪ, ਪਮਪਰਮ—ਰਸ" ਇੰਜ ਮਲਾਰ ਦੇ ਸੁਰ ਜੋੜ ਦਿਤੇ ਜਾਂਦੇ ਹਨ । ਉਤ੍ਰਾਂਗ ਵਿਚ
ਪ ਸਂ
"ਨੁਧ ਮਪ, ਰਮਪਨੁਮਪ, ਨਸਂਰਂਸਂ" ਸਾਰੰਗ । ਉਸ ਤੋਂ ਬਾਦ "ਸਂ ਰਂ ਨੁਧਮ, ਪਨੁਧਪ, ਮ—ਰ, ਸੋਰਠ ਅਤੇ
ਮ ਮ ਮ ਸ
ਫਿਰ ਰ ਰਮ, ਰਪ, ਰਮ—ਰ, ਨੁਸ" ਇਸ ਪ੍ਰਕਾਰ ਸੂਰ ਮਲਾਰ ਦਾ ਰੂਪ ਪ੍ਰਗਟ ਕਰਦੇ ਹਨ ।

ਕਈ ਗਾਇਕ-ਵਾਦਕ ਧੈਵਤ ਸੁਰ ਲਾਏ ਬਿਨਾਂ ਭੀ ਸੂਰ ਮਲਾਰ ਗਾਉਂਦੇ ਹਨ । ਇਸ ਤੋਂ
ਮ ਮ ਮ ਮ ਮ
ਇਲਾਵਾ ਇਸ ਵਿਚ "ਰ ਰ ਗੁ—ਮਰ, ਰਮਪ ਗੁ—ਮਰ, ਜਾਂ ਰਗੁਰਸ" ਇੰਜ ਕੋਮਲ ਗੰਧਾਰ ਦਾ ਪ੍ਰਯੋਗ ਭੀ ਕਰਦੇ ਹਨ, ਪਰ ਅੱਜ-ਕਲ ਇਹ ਪ੍ਰਕਾਰ ਬਹੁਤ ਘੱਟ ਸੁਣਨ ਵਿਚ ਆਉਂਦਾ ਹੈ । ਹਾਂ, ਕੁਝ ਵਿਦਵਾਨ ਇਸ ਦਾ ਵਾਦੀ ਮੱਧਮ ਦੀ ਥਾਂ ਪੰਚਮ ਮੰਨਦੇ ਹਨ, ਪਰ ਇਸ ਦੇ ਨਿਕਟ ਵਡਹੰਸ ਸਾਰੰਗ, ਸਾਮੰਤ ਸਾਰੰਗ, ਸੋਰਠ-ਦੇਸ ਰਾਗ ਹਨ । ਇਸ ਲਈ ਸੂਰ ਮਲਾਰ ਦਾ ਮੱਧਮ ਤੇ ਨਯਾਸ ਹੋਣ ਤੇ ਇਹ ਰਾਗ ਅਲੱਗ

੪੧੭

ਰਹਿਣਗੇ। ਕਿਉਂਕਿ ਇਨ੍ਹਾਂ ਰਾਗਾਂ ਵਿਚ ਰਿਖਭ-ਪੰਚਮ ਪ੍ਰਬਲ ਰਹਿੰਦੇ ਹਨ। ਨਾਲੇ ਸੂਰ ਮਲਾਰ ਕੇਵਲ ਬਰਸਾਤ ਵਿਚ ਹੀ ਗਾਈਦਾ ਹੈ, ਬਾਕੀ ਰਾਗ ਹਰ ਰੁੱਤ ਵਿਚ ਗਾਏ ਜਾਂਦੇ ਹਨ। ਉਂਜ ਇਸ ਰਾਗ ਵਿਚ ਕੇਵਲ "ਖੜਜ-ਪੰਚਮ" ਸੁਰ ਹੀ ਮਹੱਤਵ ਦੇ ਹਨ। ਇਸ ਦਾ ਚਲਣ :—"ਸਰਮ, ਰ ਰਪ, ਰਮ, ਰਮਪਨੁਮਪ, ਨੁਧਪ, ਮਪਰਮ—ਰ ਨੁਸ, ਰਮ, ਪਨੁਧਪ, ਮਪ ਨਸੰਰੰਸੰ, ਨੁਧਮ, ਪਨੁਧਪ, ਰ ਰਮ, ਰਪ, ਰਮ—ਰਸ" ਇਸ ਪ੍ਰਕਾਰ ਰਹੇਗਾ।

ਇਸ ਰਾਗ ਦੀ ਰਚਨਾ ਬਾਰੇ ਇਕ ਦੰਤ ਕਥਾ ਭੀ ਪ੍ਰਚਲਿਤ ਹੈ ਕਿ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਬਾਬਾ ਸੂਰਦਾਸ ਜੀ ਪ੍ਰਸਿੱਧ ਗਾਇਕ ਹੋਏ ਹਨ, ਉਨ੍ਹਾਂ ਨੇ ਹੀ ਮਲਾਰ ਦੇ ਇਸ ਪ੍ਰਕਾਰ ਨੂੰ ਪ੍ਰਚਲਿਤ ਕੀਤਾ ਸੀ। ਹੋ ਸਕਦਾ ਹੈ ਇਸੇ ਲਈ ਇਸ ਨੂੰ ਸੂਰਦਾਸੀ ਮਲਾਰ ਆਖਦੇ ਹਨ। ਇਹ ਰਾਗ ਤਿੰਨੇ ਸਪਤਕਾਂ ਵਿਚ ਬਾਖੂਬੀ ਗਾਇਆ-ਬਜਾਇਆ ਜਾਂਦਾ ਹੈ।

## ਸੁਰ-ਵਿਸਥਾਰ (ਆਲਾਪ)

੧. ਸ, ਰਸ, ਪ੍ਨੁਸ—ਨੁ, ਧ੍ਮ੍, ਪਨੁਧ੍ਪ੍, ਮ੍ਪ੍ਨੁਸ, ਨੁਸਰਮ, ਰ ਰਮ, ਰਸ।

੨. ਨੁਸਮ, ਰਮ, ਪ੍ਨੁਸਰਮ, ਰਪ, ਮਪਰਮ, ਰ ਰਮ—ਰ ਸ—ਰਪ, ਮਪ, ਮਨੁਧਪ, ਮਧਮ, ਰਮਪਨੁਧਪ, ਮਰਮ—ਰ ਸ।

੩. ਸਰਮ, ਰਮਪ, ਮਪ, ਮਨੁਧਪ, ਮਪਨਸੰ, ਮਨੁਧਪ, ਮਪਮਰਮ, ਰ ਰਪ, ਮਪਨੁਧਮ, ਮਪਨਸੰ, ਰੰਨੁ, ਧਮ, ਪਨੁਧਪ ਮਪਮਰਮ, ਮ—ਰ ਨੁਸ।

੪. ਮਮਰਸਨੁਸਰਮ, ਪਨੁਧਪਮ, ਪਨਸੰ, ਰੰਨੁਧਪ, ਮਪ ਨੁਧਮਪਰਮ, ਰ ਰ ਮ, ਨੁਧਪ, ਮਰਮ, ਰ ਰਮ—ਰਸ, ਨੁਸ, ਨੁਸਰਮਪਨ, ਮਪਨੁਧਮਪ, ਮਪਨਸੰ, ਨਸੰਰੰਨੁਧਮ, ਪਨੁਧਪ, ਮਪ, ਰ ਰਪ ਰ ਰਮ—ਰ ਨੁਸ।

੫. ਸਰਮਪ, ਰਮਪਨੁਧਪ, ਮਪਨਸੰ, ਪਨਸੰਰੰਨੁਧਮ, ਨੁਧਪ, ਮਪਸੰ, ਨਸੰ ਰੰਸੰ, ਰੰਮੰ, ਰੰ ਰੰਮੰ, ਰੰਸੰ—ਰੰਨੁਧਪਮ, ਪਨਸੰ ਰੰ ਰੰਮੰ—ਰੰਸੰ, ਸੰਨੁ, ਮਪ, ਨੁਧਪ, ਮ—ਰ, ਰਪ, ਮਮਪ, ਨਨਸੰ, ਸੰਰੰਨਸੰ, ਨਸੰ ਰੰਮੰ—ਰੰਸੰ, ਨਸੰਨੁ, ਮਪ, ਮਪਨੁਧਪ, ਧ—ਮ—ਰ, ਰ ਰਪ, ਰਮ—ਰਸ, ਨੁਸਰ, ਸਰਮ, ਰਮਪ, ਮਪਨ, ਪਨਸੰ, ਨਸੰਰੰ, ਸੰਰੰਮੰ ਰੰਮੰ—ਰੰਨੁ, ਮਪ, ਨੁਧਪ, ਮਪਰਮ—ਰ ਨੁਸ।

੪੧੪

## ਰਾਗ ਸੂਰ-ਮਲਾਰ, ਤਿੰਨਤਾਲ (ਮੱਧ ਲਯ)

ਘਨਿਹਰ ਬਰਸ ਸਗਲ ਜਗੁ ਛਾਇਆ ॥
ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ ਅਨਦ ਮੰਗਲ ਸੁਖ ਪਾਇਆ ॥੧॥ ਰਹਾਉ ॥
ਮਿਟੇ ਕਲੇਸ ਤ੍ਰਿਸਨ ਸਭ ਬੂਝੀ ਪਾਰਬ੍ਰਹਮੁ ਮਨਿ ਧਿਆਇਆ ॥
ਸਾਧ ਸੰਗਿ ਜਨਮ ਮਰਨ ਨਿਵਾਰੇ ਬਹੁਰਿ ਨ ਕਤਹੂ ਧਾਇਆ ॥੧॥
ਮਨੁ ਤਨੁ ਨਾਮਿ ਨਿਰੰਜਨਿ ਰਾਤਉ ਚਰਨ ਕਮਲ ਲਿਵ ਲਾਇਆ ॥
ਅੰਗੀਕਾਰੁ ਕੀਓ ਪ੍ਰਭਿ ਅਪਨੈ ਨਾਨਕ ਦਾਸ ਸਰਣਾਇਆ ॥੨॥

(ਮਲਾਰ ਮ: ੫, ਪੰਨਾ ੧੨੬੮)

### ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ੦ | | | | ੩ | | | | × | | | | ੨ | | | |
| ਪ | ਧ | | | | | | | ਸ | | | | ਸੰ | | ਪ | |
| ਨੁ | ਨੁ | ਮ | ਪ | ਮ | ਰ | ਸਰ | ਨੁਸ | ਸੰ | ਸੰ | ਸੰ | ਰੰ | ਨੁ | ਧ | ਮ | ਪ |
| ਘ | ਨਿ | ਹ | ਰ | ਬ | ਰ | ਸS | ਸS | ਗ | ਲ | ਜ | ਗ | ਛਾ | S | ਇਆ | S |
| ਮ | ਮ | ਮ | | | | | | | | | | | | | |
| ਰ | ਰ | ਰ | ਮ | ਰ | — | ਸ | ਸ | ਪ਼ | ਨੁ਼ | ਪ਼ | ਨੁ਼ | ਸ | — | ਸ | — |
| ਭ | ਏ | ਕਿ | ਰ | ਪਾ | S | ਲ | ਪ੍ਰੀ | ਤ | ਮ | ਪ੍ਰ | ਭ | ਮੇ | S | ਰੇ | S |
| ਮ | | | | | | ਧ | | | | | | | | | |
| ਰ | ਮ | ਰ | ਪ | ਮ | ਨੁ | ਪ | ਪ | ਮਪ | ਨੁਸੰ | ਰੰ | ਸੰ | ਨੁ | ਧ | ਮ | ਪ |
| ਅ | ਨ | ਦ | ਮੰ | ਗ | ਲ | ਸੁ | ਖ | ਪਾS | SS | S | S | ਇਆ | S | S | S |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | | | | | | ਪ | | ਨ | | | | ਨ | | | |
| ਮ | ਮ | — | ਮ | ਪ | — | ਨੁ | ਪ | ਸੰ | ਸੰ | ਸੰ | ਸੰ | ਸੰ | — | ਸੰ | — |
| ਮਿ | ਟੇ | S | ਕ | ਲੇ | S | ਸ | ਤ੍ਰਿ | ਸ | ਨ | ਸ | ਭ | ਬੂ | S | ਝੀ | S |
| ਪ | | | | | | | | ਸੰ | | | | | | | |
| ਨੁ | ਪ | ਨ | ਨ | ਸੰ | ਸੰ | ਸੰ | ਸੰ | ਨ | ਸੰ | ਰੰ | ਸੰ | ਨੁ | — | ਪ | — |
| ਪਾ | S | ਰ | ਬ੍ਰ | ਹ | ਮ | ਮ | ਨ | ਧਿਆ | S | S | S | ਇਆ | S | S | S |
| ਮ | ਮ | | | | | | | | | | | | | | |
| ਰ | ਰ | ਮ | ਮ | ਪ | ਪ | ਪ | — | ਮ | ਨੁ | ਪ | ਨ | ਸੰ | — | ਸੰ | — |
| ਸਾ | ਧ | ਸੰ | ਗ | ਜ | ਨ | ਮ | S | ਮ | ਰ | ਨ | ਨਿ | ਵਾ | S | ਰੇ | S |
| ਨ | | ਸੰ | | ਮੰ | | | | ਨ | | | | | | | |
| ਸ | — | ਮੰ | ਮੰ | ਰੰ | ਰੰਮੰ | ਰੰ | ਸੰ | ਸੰ | — | (ਸੰ) | — | ਨੁ | ਧ | ਮ | ਪ |
| ਬਹੁ | S | ਰ | ਨ | ਕ | ਤS | ਹੂ | S | ਧਾ | S | S | S | ਇਆ | S | S | S |

—ਬਾਕੀ ਤੁਕਾਂ ਅੰਤਰੇ ਤੇ ਲਾਓ।

# ਰਾਗ ਸਾਰੰਗ

**ਆਰੋਹ:** ਨ਼ ਸ ਰ ਮ ਪ ਨ ਸਂ
**ਅਵਰੋਹ:** ਸਂ ਨ̲ ਮ ਪ ਰ ਸ
**ਮੁੱਖ ਅੰਗ:** ਨ਼ ਸ ਰ, ਮ ਰ, ਪ ਮ ਰ ਨ਼ ਸ

**ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥**
**ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥੫॥**
**ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥**
**ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥**
**ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥**
**ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥੭॥**
**ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥**
**ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥੮॥**

Your wealth, spouse, and all the possessions which you claim as your own - none of these shall go along with you in the end. O Nanak, know this as true.
He is the Saving Grace of sinners, the Destroyer of fear, the Master of the masterless. Says Nanak, realize and know Him, who is always with you.
He has given you your body and wealth, but you are not in love with Him.
Says Nanak, you are insane! Why do you now shake and tremble so helplessly?
He has given you your body, wealth, property, peace and beautiful mansions.
Says Nanak, listen, mind: why don't you remember the Lord in meditation?

**(ਸਲੋਕ ਮਹਲਾ ੯)**

## ਰਾਗ ਸਾਰੰਗ - ਤਾਲ ਰੂਪਕ

| ੦ | | | ੨ | | ੩ | | ੦ | | | ੨ | | ੩ | |
|---|---|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੧ | ੨ | ੩ | ੪ | ੫ | ੬ | ੭ |
| ਨ | ਸਂ | ਸਂ | ਨ | ਪ | ਪ | - | ਮ | ਪ | ਪ | ਪ | - | ਪ | - |
| ਧ | ਨ | ਦਾ | ਰਾ | S | S | S | ਸੰ | ਪਤਿ | ਸ | ਗ | ਲ | S | S |
| ਰ | ਰ | ਰ | ਮ | ਰ | ਰ | ਰ | ਪ | ਪ | ਪ | ਪ | - | ਪ | - |
| ਜਿਨਿ | ਅ | ਪੁ | ਨੀ | S | ਕ | ਰਿ | ਮਾ | S | S | ਨਿ | S | S | S |
| ਸ | ਸ | ਸ | ਰ | ਰ | ਰ | ਰ | ਪ | ਪ | ਪ | ਪ | - | ਪ | - |
| ਇ | ਨ | ਮੈ | ਕ | ਛੁ | ਸੰ | S | ਗੀ | S | ਨ | ਹੀ | S | S | S |
| ਰ | ਰ | ਰ | ਮ | ਰ | ਰ | ਰ | ਪ | ਪ | ਪ | ਪ | - | ਪ | - |
| ਨਾ | ਨ | ਕ | ਸਾ | S | ਚੀ | S | ਜਾ | S | S | ਨਿ | S | S | S |

**ਸੁਰਲਿੱਪੀ ਕਰਤਾ:**
ਬੀਬੀ ਹਰਦੀਪ ਕੌਰ

**ਲੇਖਕ:**
ਨਮੋ ਗੀਤ ਗੀਤੇ

## ਸਲੋਕ ਮ: ੯ - ਭਾਗ ਦੂਜਾ

**ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥**

ਭਾਦਰੋਂ (ਦਾ ਮਹੀਨਾ) ਆ ਗਿਆ ਹੈ । ਵਰਖਾ ਰੁੱਤ ਵਿਚ ਟੋਏ ਟਿੱਬੇ ਪਾਣੀ ਨਾਲ ਭਰੇ ਹੋਏ ਹਨ, (ਇਸ ਨਜ਼ਾਰੇ ਦਾ) ਰੰਗ ਮਾਣਿਆ ਜਾ ਸਕਦਾ ਹੈ ।

In Bhaadon, the young woman is confused by doubt; later, she regrets and repents.

**ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥**

(ਪਰ) ਜੇਹੜੀ ਇਸਤ੍ਰੀ ਭਰ-ਜੋਬਨ ਵਿਚ (ਜੋਬਨ ਦੇ ਮਾਣ ਦੇ) ਭੁਲੇਖੇ ਵਿਚ ਗ਼ਲਤੀ ਖਾ ਗਈ, ਉਸ ਨੂੰ (ਪਤੀ ਦੇ ਵਿਛੋੜੇ ਵਿਚ) ਪਛਤਾਣਾ ਹੀ ਪਿਆ (ਉਸ ਨੂੰ ਨੀਰ-ਭਰੇ ਥਾਂ ਚੰਗੇ ਨਾਹ ਲੱਗੇ) ।

The lakes and fields are overflowing with water; the rainy season has come - the time to celebrate!

**ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥**

ਕਾਲੀ ਰਾਤ ਨੂੰ ਮੀਂਹ ਵਰ੍ਹਦਾ ਹੈ, ਡੱਡੂ ਗੁੜੈਂ ਗੁੜੈਂ ਕਰਦੇ ਹਨ, ਮੋਰ ਕੁਹਕਦੇ ਹਨ,

In the dark of night it rains; how can the young bride find peace? The frogs and peacocks send out their noisy calls.

**ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥**

ਪਪੀਹਾ ਭੀ 'ਪ੍ਰਿਉ ਪ੍ਰਿਉ' ਕਰਦਾ ਹੈ, (ਪਰ ਪਤੀ ਤੋਂ ਵਿਛੁੜੀ) ਨਾਰ ਨੂੰ (ਇਸ ਸੁਹਾਵਣੇ ਰੰਗ ਤੋਂ) ਆਨੰਦ ਨਹੀਂ ਮਿਲਦਾ ।

"Pri-o! Pri-o! Beloved! Beloved!" cries the rainbird, while the snakes slither around, biting.

**ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥**

ਉਸ ਨੂੰ ਤਾਂ (ਭਾਦਰੋਂ ਵਿਚ ਇਹੀ ਦਿੱਸਦਾ ਹੈ ਕਿ) ਸੱਪ ਡੰਗਦੇ ਫਿਰਦੇ ਹਨ, ਮੱਛਰ ਡੰਗ ਮਾਰਦੇ ਹਨ । ਚੁਫੇਰੇ ਛੱਪੜ-ਤਲਾਬ (ਮੀਂਹ ਦੇ ਪਾਣੀ ਨਾਲ) ਨਕਾ-ਨਕ ਭਰੇ ਹੋਏ ਹਨ (ਬਿਰਹਣੀ ਨਾਰ ਨੂੰ ਇਸ ਵਿਚ ਕੋਈ ਸੁਹਜ-ਸੁਆਦ ਨਹੀਂ ਦਿੱਸਦਾ) ।

The mosquitoes bite and sting, and the ponds are filled to overflowing; without the Lord, how can she find peace?

**ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥੧੦॥**

ਹੇ ਨਾਨਕ! (ਆਖ-) ਮੈਂ ਤਾਂ ਆਪਣੇ ਗੁਰੂ ਦੀ ਸਿੱਖਿਆ ਉਤੇ ਤੁਰ ਕੇ (ਉਸ ਦੇ ਦੱਸੇ ਰਾਹ ਉਤੇ) ਤੁਰਾਂਗੀ, ਜਿਥੇ ਪ੍ਰਭੂ-ਪਤੀ ਮਿਲ ਸਕਦਾ ਹੋਵੇ, ਉਥੇ ਹੀ ਜਾਵਾਂਗੀ ।੧੦।


O Nanak, I will go and ask my Guru; wherever God is, there I will go.

**(ਤੁਖਾਰੀ ਛੰਤ ਮਹਲਾ ੧ ਬਾਰਹਮਾਹਾ)**

THE ALP GROUP

# EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS




## PIONEERING ENGINEERING SOLUTIONS IN RUBBER & PLASTIC




















THE ALP GROUP

**Corporate Office:**
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgroupup.in
E-mail: alp@anbros.com